ਪੰਜਾਬ 'ਚ ਹਰ ਰੋਜ਼ ਬੇਦੋਸੋ ਨਾਗਰਿਕਾਂ ਨੂੰ ਸੱਚ ਬੋਲਣ ਕਰਕੇ ਪੁਲਸੀਆ ਗੁੰਡਾਗਰਦੀ ਤੇ ਅਣਮਨੁੱਖੀ ਤਸ਼ੱਦਦ ਸਹਿਣਾ ਪੈ ਰਿਹਾ ਹੈ। ਆਪਣੇ ਪਿੰਡ ਪਹੁੰਚੇ ਮੋਹਣਜੀਤ ਸਿੰਘ ਸ਼ੇਰੋਂ ਨੂੰ ਮੁੱਖ ਮੰਤਰੀ ਨੂੰ ਨਸ਼ਿਆਂ ਵਿਰੁੱਧ ਰੋਸ ਜਤਾਉਣ ਲਈ ਕਾਲਾ ਕੱਪੜਾ ਦਿਖਾਉਣਾਂ ਇੰਨਾ ਮਹਿੰਗਾ ਪਿਆ ਕਿ ਉਸ ਨੂੰ ਪੁਲਿਸ ਦੀਆਂ ਧਾੜਾਂ ਦੂਰੋਂ ਚੁਬਾਰੇ ਤੋਂ ਧੂਹ ਕੇ ਸ਼ਰੇਆਮ ਪਿੰਡ ਵਾਸੀਆਂ ਸਾਹਮਣੇ ਚੁੱਕ ਕੇ ਲੈ ਗਈਆਂ ਤੇ ਉਸ ਤੇ ਹੱਦੋਂ ਵੱਧ ਅਣਮਨੁੱਖੀ ਤਸ਼ੱਦਦ ਕੀਤਾ ਤੇ ਜ਼ਲੀਲ ਕੀਤਾ। ਇਸੇ ਤਰ੍ਹਾਂ ਦੀ ਜ਼ਲਾਲਤ ਤੇ ਦਹਿਸ਼ਤ ਦਾ ਸਾਹਮਣਾ ਤੁਰਬੰਜਾਰੇ ਦੇ ਗ਼ਰੀਬ ਬਦਨਸੀਬ ਬਾਪ ਗੁਲਜਾਰ ਸਿੰਘ ਨੂੰ ਕਰਨਾ ਪਿਆ ਜੋ ਆਪਣੇਂ ਨਸ਼ੇੜੀ ਪੁੱਤ ਨੂੰ ਬਚਾਉਣ ਲਈ ਮੰਤਰੀ ਚੀਮੇ ਅੱਗੇ ਫ਼ਰਿਆਦ ਕਰ ਰਿਹਾ ਸੀ ਪਰ ਮੋਹਣਜੀਤ ਸ਼ੇਰੋਂ ਤੇ ਹੋਏ ਤਸ਼ੱਦਦ ਤੋਂ ਜਾਣੂ ਹੋਣ ਕਰਕੇ ਘਬਰਾਇਆ ਹੋਇਆ ਡਰਦਾ ਖੁਦਕਸ਼ੀ ਕਰ ਗਿਆ ਤੇ ਉਸ ਨੂੰ ਖੁਦਕਸ਼ੀ ਲਈ ਮਜ਼ਬੂਰ ਕਰਨ ਵਾਲੇ ਮੰਤਰੀ ਹਰਪਾਲ ਚੀਮੇ ਤੇ ਉਸ ਦੇ ਪਿੰਡ ਦੇ ਪਾਲਤੂ ਗੁੰਡਿਆਂ ਦੇ ਨਾਮ ਮਰਨ ਤੋਂ ਪਹਿਲਾਂ ਜੱਗ ਜ਼ਾਹਰ ਕਰ ਗਿਆ। ਪਰ ਸਰਕਾਰ ਤੇ ਪ੍ਰਸ਼ਾਸਨ ਨੇ ਉਸ ਦੀ ਗੱਲ ਧਿਆਨ ਨਾਲ ਸੁਣਨ,ਉਸ ਦੀ ਜਾਨ ਬਚਾਉਣ ਨਾਲੋਂ ਲੋਕਾਂ 'ਚ ਸਰਕਾਰੀ ਦਹਿਸ਼ਤ ਫੈਲਾਉਣ ਤੇ ਸਾਰਾ ਜ਼ੋਰ ਲਾ ਦਿੱਤਾ ਤਾਂ ਜੋ ਕੋਈ ਵੀ ਬੰਦਾ ਉਨ੍ਹਾਂ ਸਾਹਮਣੇ ਸਵਾਲ ਕਰਨ ਦੀ ਕਦੇ ਜੁਅਰਤ ਨਾ ਕਰੇ ਤੇ ਇਨ੍ਹਾਂ ਦੀ ਅਧੀਨਗੀ ਤੇ ਕਮੀਨਗੀ ਨੂੰ ਸਵੀਕਾਰ ਕਰੇ।



ਪਿੰਡ ਤੋਂ ਲੈ ਕੇ ਹਸਪਤਾਲ, ਮੁਰਦਾਘਾਟ ਤੇ ਸ਼ਮਸ਼ਾਨਘਾਟ ਪੁਲਿਸ ਛਾਉਣੀ ਬਣਾ ਦਿੱਤੇ ਤੇ ਪੀੜ੍ਹਤ ਦੇ ਪਰਿਵਾਰ ਨੂੰ ਡਰਾ ਧਮਕਾ ਕੇ ਜ਼ਬਰੀ ਸੰਸਕਾਰ ਕਰ ਦਿੱਤਾ। ਪੰਜਾਬ 'ਚ ਕਾਨੂੰਨ ਨਿਆਂ ਨਾਂ ਦੀ ਕੋਈ ਚੀਜ ਨਹੀਂ ਰਹੀ ਸਗੋਂ ਘੋਰ ਜੰਗਲ ਰਾਜ ਹੈ।ਸਰਕਾਰ ਨੇ ਮਿਹਨਤਕਸ਼ ਲੋਕਾਂ ਤੇ ਮੁਲਾਜ਼ਮਾਂ ਦਾ ਜਿਊਣਾਂ ਦੁੱਭਰ ਕੀਤਾ ਹੋਇਆ। ਗੈਰ-ਸਮਾਜੀ ਅਨਸਰ ਸਰਕਾਰੀ ਸਰਪ੍ਰਸਤੀ ਅਧੀਨ ਦੋਹੀਂ ਹੱਥੀਂ ਪੰਜਾਬੀਆਂ ਨੂੰ ਸ਼ਰੇਆਮ ਲੁੱਟ ਤੇ ਕੁੱਟ ਰਹੇ ਨੇ। ਕਿਸਾਨਾਂ, ਮਜ਼ਦੂਰਾਂ, ਮੁਲਾਜਮਾਂ ਨਾਲ ਗੱਲ ਕਰਨ ਦਾ ਮੁੱਖ ਮੰਤਰੀ ਕੋਲ ਵਿਹਲ ਹੀ ਨਹੀਂ। ਸਗੋਂ ਉਹ ਪੰਜਾਬੀਆਂ ਦੇ ਅੱਲੇ ਜ਼ਖਮਾਂ ਤੇ ਲੂਣ ਛਿੜਕਣ ਲਈ ਸਟੇਜਾਂ ਤੋਂ ਚੁਟਕਲੇ ਸੁਣਾਉਣ 'ਚ ਮਸਤ ਹੈ। ਸਿਹਤ, ਸਿੱਖਿਆ, ਰੁਜ਼ਗਾਰ ਲਈ ਕੋਈ ਯੋਜਨਾ ਨਹੀਂ ਹੈ।ਬੱਸ ਫੋਕੀ ਇਸ਼ਤਿਹਾਰਬਾਜ਼ੀ ਰਾਹੀਂ ਪੰਜਾਬੀਆਂ ਦੇ ਅੱਖੀਂ ਘੱਟਾ ਪਾਇਆ ਜਾ ਰਿਹਾ ਹੈ। ਜਿਉਂ ਜਿਉਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ ਸਾਰੀਆਂ ਸਿਆਸੀ ਪਾਰਟੀਆਂ ਪੰਜਾਬ ਵੱਲ ਧਾੜਵੀਆਂ ਵਾਂਗ ਚੜੀਆਂ ਆ ਰਹੀਆਂ ਨੇ। ਸਾਰੀਆਂ ਨੂੰ ਸਿਰਫ਼ ਸੱਤਾ ਦੀ ਭੁੱਖ ਹੈ ਪੰਜਾਬ ਦੀ ਮੰਦਹਾਲੀ ਦਾ ਕੋਈ ਦੁੱਖ ਨਹੀਂ। ਇਸ ਵਾਰ ਦੀਆਂ ਚੋਣਾਂ ਪੰਜਾਬ 'ਚ ਬਹੁਤ ਖ਼ਤਰਨਾਕ ਹੋਣਗੀਆਂ।ਸਿਆਸੀ ਲੁਟੇਰੇ ਪਹਿਲਾਂ ਹੀ ਸਾਮ ਦਾਮ ਦੰਡ ਭੇਦ ਹਰ ਦਾਅ ਵਰਤ ਚੋਣਾਂ ਜਿੱਤਣ ਦਾ ਐਲਾਨ ਕਰ ਚੁੱਕੇ ਹਨ।ਹੁਣ ਪੰਜਾਬ ਦੇ ਸਾਰੇ ਸੂਝਵਾਨ ਨਾਗਰਿਕਾਂ ਨੂੰ ਇਕੱਠੇ ਹੋ ਕੇ ਸੂਬੇ ਨੂੰ ਬਚਾਉਣ ਲਈ ਅੱਗੇ ਆਉਣਾਂ ਪਵੇਗਾ ਨਹੀਂ ਤਾਂ ਇਨ੍ਹਾਂ ਧਾੜਵੀਆਂ ਪੰਜਾਬ ਤਬਾਹ ਕਰ ਦੇਣਾਂ।ਆਓ ਸਾਰੇ ਮਿਲ ਕੇ ਖੋਟੀਆਂ ਨੀਤਾਂ ਵਾਲੇ ਹਰਾਮਖੋਰ ਕੇਂਦਰੀ ਤੇ ਸੂਬਾਈ ਸਿਆਸੀ ਆਗੂਆਂ ਤੇ ਉਨ੍ਹਾਂ ਦੇ ਪਾਲਤੂ ਉੱਚ ਅਧਿਕਾਰੀਆਂ ਦੇ ਜ਼ਬਰ ਜ਼ੁਲਮ ਵਿਰੁੱਧ ਇਕੱਠੇ ਹੋ ਕੇ ਡੱਟ ਕੇ ਆਵਾਜ਼ ਬੁਲੰਦ ਕਰੀਏ ਤੇ ਆਪਣੇਂ ਪੁਰਖਿਆਂ ਸ਼ਹੀਦਾਂ ਦੇ ਜਾਨੋਂ ਪਿਆਰੇ ਪੰਜਾਬ ਨੂੰ ਬਚਾਈਏ ਤਾਂ ਜੋ ਸ਼ੇਰੋਂ ਦੇ ਮੋਹਣਜੀਤ ਸਿੰਘ ਤੇ ਤੁਰਬੰਜਾਰੇ ਦੇ ਗੁਲਜਾਰ ਸਿੰਘ ਵਾਂਗ ਹੋਰ ਪਿੰਡਾਂ ਵਿੱਚ ਲੋਕਾਂ ਨੂੰ ਸਰਕਾਰ ਤੇ ਪੁਲਿਸ ਦੀ ਗੁੰਡਾਗਰਦੀ ਤੇ ਧੱਕੇਸ਼ਾਹੀ ਦਾ ਸ਼ਿਕਾਰ ਨਾ ਬਣਨਾ ਪਵੇ।

ਅਧਿਕਾਰੀਆਂ ਨੂੰ ਕੰਮ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਦੇ ਜੇਲ੍ਹਾਂ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਾਮ

- **ਕਿਹਾ ਵਿਕਾਸ ਕਾਰਜਾਂ 'ਚ ਕਿਸੇ ਵੀ ਤਰ੍ਹਾਂ ਬੇਲੋੜੀ ਦੇਰੀ ਨਾ ਹੋਵੇ**

ਚੁਰਾਸੀ ਵਿਧਾਨ ਸਭਾ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਕਰਨ ਲਈ ਸੰਬੰਧਤ ਅਧਿਕਾਰੀਆਂ ਨਾਲ ਵਿਸਥਾਰਤ ਮੀਟਿੰਗ ਕੀਤੀ।



ਕੈਬਨਿਟ ਮੰਤਰੀ ਨੇ ਲੋਕ ਨਿਰਮਾਣ ਵਿਭਾਗ, ਨਹਿਰੀ ਵਿਭਾਗ, ਸਿੱਖਿਆ ਵਿਭਾਗ, ਪੁਲਿਸ ਪ੍ਰਸ਼ਾਸਨ, ਜਲ ਸਪਲਾਈ ਤੇ ਸੈਨੀਟੇਸ਼ਨ ਸਮੇਤ ਹੋਰਨਾਂ ਪ੍ਰਮੁੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਵਿਸਥਾਰਪੂਰਵਕ ਰਿਪੋਰਟ ਹਾਸਲ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਚੱਲ ਰਹੇ ਨਿਰਮਾਣ ਕਾਰਜਾਂ ਦੀ ਗੁਣਵੱਤਾ ਨਾਲ ਕਿਸੇ ਵੀ ਕੀਮਤ 'ਤੇ ਕੋਈ ਸਮਝੌਤਾ ਨਾ ਹੋਵੇ ਅਤੇ ਸਾਰੇ ਪ੍ਰੋਜੈਕਟਾਂ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਂਦੀ ਜਾਵੇ।

ਡਾ. ਰਵਜੋਤ ਸਿੰਘ ਨੇ ਸਮੂਹ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀ ਸਹੂਲਤ ਲਈ ਸ਼ੁਰੂ ਕੀਤੇ ਗਏ ਸਾਰੇ ਵਿਕਾਸ ਕਾਰਜ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਮੁਕੰਮਲ ਕੀਤੇ ਜਾਣੇ ਲਾਜ਼ਮੀ ਹਨ। ਇਸ ਮਕਸਦ ਲਈ ਸਬੰਧਤ ਵਿਭਾਗ ਆਪਸੀ ਤਾਲਮੇਲ ਅਤੇ ਮਜ਼ਬੂਤ ਰਣਨੀਤੀ ਨੂੰ ਯਕੀਨੀ ਬਣਾਉਣ। ਮੰਤਰੀ ਨੇ ਵਿਸ਼ੇਸ਼ ਤੌਰ 'ਤੇ ਤਾਕੀਦ ਕੀਤੀ ਕਿ ਅਧਿਕਾਰੀ ਸਿਰਫ਼ ਆਪਣੇ ਦਫ਼ਤਰਾਂ ਤੱਕ ਸੀਮਤ ਨਾ ਰਹਿਣ, ਸਗੋਂ ਖ਼ੁਦ ਜ਼ਮੀਨੀ ਪੱਧਰ 'ਤੇ ਜਾ ਕੇ ਪ੍ਰੋਜੈਕਟਾਂ ਦੀ ਨਿਰੰਤਰ ਨਿਗਰਾਨੀ ਕਰਨ ਤਾਂ ਜੋ ਕੰਮ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ, ਢਿੱਲ-ਮੱਠ ਜਾਂ ਦੇਰੀ ਨਾ ਹੋਵੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਮਕਸਦ ਸੂਬੇ ਦੇ ਹਰ ਵਰਗ ਅਤੇ ਹਰ ਖੇਤਰ ਦਾ ਬਿਨਾਂ ਕਿਸੇ ਵਿਤਕਰੇ ਦੇ ਸਰਵਪੱਖੀ ਵਿਕਾਸ ਕਰਨਾ ਹੈ। ਰਾਜ ਸਰਕਾਰ ਵੱਲੋਂ ਸਿੱਖਿਆ, ਸਿਹਤ ਸਹੂਲਤਾਂ, ਸੜਕੀ ਸੰਪਰਕ, ਪੀਣ ਵਾਲੇ ਸਾਫ਼ ਪਾਣੀ, ਸੀਵਰੇਜ ਪ੍ਰਣਾਲੀ, ਖੇਡਾਂ, ਰੁਜ਼ਗਾਰ ਦੇ ਮੌਕਿਆਂ ਅਤੇ ਲੋਕ ਭਲਾਈ ਦੇ ਖੇਤਰਾਂ ਵਿੱਚ ਲਗਾਤਾਰ ਵੱਡੇ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਾਮ ਚੁਰਾਸੀ ਹਲਕੇ ਦੇ ਵਿਕਾਸ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਪਿੰਡਾਂ ਦੀਆਂ ਸੜਕਾਂ, ਗਲੀਆਂ, ਨਾਲੀਆਂ, ਸੀਵਰੇਜ ਪ੍ਰਣਾਲੀ ਅਤੇ ਸਮੁੱਚੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਸਹੂਲਤਾਂ ਦਾ ਪੱਧਰ ਉੱਚਾ ਚੁੱਕਣ, ਵਿਦਿਆਰਥੀਆਂ ਨੂੰ ਵਧੀਆ ਅਤੇ ਮਿਆਰੀ ਪੜ੍ਹਾਈ ਦਾ ਮਾਹੌਲ ਪ੍ਰਦਾਨ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਡਾ. ਰਵਜੋਤ ਸਿੰਘ ਨੇ ਇਹ ਵੀ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਦੀਆਂ ਸਮੁੱਚੀਆਂ ਲੋਕ-ਭਲਾਈ ਸਕੀਮਾਂ ਦਾ ਲਾਭ ਹਰ ਯੋਗ ਲਾਭਪਾਤਰੀ ਤੱਕ ਬਿਨਾਂ ਕਿਸੇ ਰੁਕਾਵਟ ਜਾਂ ਖ਼ੱਜਲ-ਖ਼ੁਆਰੀ ਦੇ ਪਹੁੰਚਾਉਣਾ ਅਧਿਕਾਰੀਆਂ ਦੀ ਅਹਿਮ ਜ਼ਿੰਮੇਵਾਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਲੋਕਾਂ ਵੱਲੋਂ ਮਿਲਣ ਵਾਲੀਆਂ ਸ਼ਿਕਾਇਤਾਂ ਅਤੇ ਮੰਗਾਂ ਦਾ ਪਹਿਲ ਦੇ ਆਧਾਰ 'ਤੇ ਤੁਰੰਤ ਨਿਪਟਾਰਾ ਕਰਨ ਦੇ ਹੁਕਮ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਲਈ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ, ਅਣਗਹਿਲੀ ਜਾਂ ਢਿੱਲ-ਮੱਠ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ, ਸੰਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚ ਅਤੇ ਮੋਹਤਬਰ ਵੀ ਮੌਜੂਦ ਸਨ।

26 ਸਤੰਬਰ ਦੀ ਮੋਗਾ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਦਾ ਸੱਦਾ

ਪੈ.ਗਾਮ-ਏ-ਜਗਤ/ਨਵਾਂਸ਼ਹਿਰ 12 ਸਤੰਬਰ (ਦੇਸ ਰਾਜ ਬਾਲੀ)

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਦੇ ਆਗੂ ਕਮਲਜੀਤ ਸਨਾਵਾ ਨੇ ਭਾਜਪਾ - ਆਰ ਐਸ ਐਸ ਸਰਕਾਰ ਦੇ ਫਾਸ਼ੀਵਾਦ ਵਿਰੁੱਧ ਡੱਟਣ ਦਾ ਸੱਦਾ ਦਿੱਤਾ ਹੈ।



ਉਹ ਮੋਦੀ ਸਰਕਾਰ ਦੇ ਫਾਸ਼ੀਵਾਦ ਵਿਰੁੱਧ 26 ਸਤੰਬਰ ਨੂੰ ਮੋਗਾ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਦੀ ਤਿਆਰੀ ਸਬੰਧੀ ਪਿੰਡ ਸ਼ਹਾਬਪੁਰ ਵਿਖੇ ਇਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਮੋਦੀ ਸਰਕਾਰ ਲੋਕਾਂ ਉੱਤੇ ਫਾਸ਼ੀ ਹੱਲੇ ਬੋਲ ਰਹੀ ਹੈ ਜੋ ਬਹੁ ਪੱਖੀ ਅਤੇ ਬਹੁ ਪਰਤੀ ਹਨ।ਇਸ ਸਰਕਾਰ ਦਾ ਇਹ ਫਾਸ਼ੀਵਾਦ ਦੋ ਥੰਮਾਂ ਉੱਤੇ ਖੜ੍ਹਾ ਹੈ ਇੱਕ ਹੈ ਸੰਘ ਦਾ ਮਨੂੰਵਾਦ ਅਤੇ ਦੂਜਾ ਹੈ ਕਾਰਪੋਰੇਟ।ਇਸ ਸਰਕਾਰ ਵੱਲੋਂ ਵੋਟਾਂ ਦੀ ਵਿਸ਼ੇਸ਼ ਸੁਧਾਈ ਦੇ ਨਾਂ ਉੱਤੇ ਘੱਟ ਗਿਣਤੀਆਂ ਕੋਲੋਂ ਵੋਟ ਦਾ ਹੱਕ ਅਤੇ ਨਾਗਰਿਕਤਾ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ।ਮੋਦੀ ਸਰਕਾਰ ਸੰਵਿਧਾਨ ਅਤੇ ਜਮਹੂਰੀਅਤ ਦਾ ਗਲਾ ਘੁੱਟ ਰਹੀ ਹੈ।ਚਾਰ ਕਿਰਤ ਕੋਡ ਲਿਆਕੇ ਕਿਰਤੀ ਵਰਗ ਨੂੰ ਸਤਹੀਣ ਕਰਕੇ ਕਾਰਪੋਰੇਟ ਲਈ ਕਿਰਤੀਆਂ ਦੀ ਲੁੱਟ ਦਾ ਰਾਹ ਮੋਕਲਾ ਕਰ ਰਹੀ ਹੈ।ਇਸ ਸਰਕਾਰ ਵੱਲੋਂ ਲੋਕ ਘੋਲਾਂ ਨੂੰ ਜਬਰ ਨਾਲ ਦਬਾਉਣ ਦੇ ਯਤਨ ਕੀਤੇ ਜਾ ਰਹੇ ਹਨ ਜਿਸਦੀ ਤਾਜ਼ਾ ਉਦਾਹਰਣ ਵਿਦਿਆਰਥੀਆਂ ਦਾ ਜੰਤਰ ਮੰਤਰ ਦਿੱਲੀ ਦਾ ਘੋਲ ਹੈ।

ਉਹਨਾਂ ਕਿਹਾ ਕਿ ਸਾਨੂੰ ਮੋਦੀ ਸਰਕਾਰ ਦੇ ਫਾਸ਼ੀਵਾਦ ਦਾ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ।ਸਾਡੀ ਚੁੱਪ ਸਾਡੇ ਲਈ ਘਾਤਕ ਸਿੱਧ ਹੋਵੇਗੀ। ਇਸ ਮੌਕੇ ਕੁਲਦੀਪ ਸਿੰਘ, ਭੁਪਿੰਦਰ ਸਿੰਘ ਆਗੂ ਵੀ ਮੌਜੂਦ ਸਨ।

ਖ਼ਾਲਸਾ ਕਾਲਜ 'ਚ 'ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ-2027' ਸਬੰਧੀ ਮੈਗਾ ਡਰਾਈਵ ਦਾ ਆਯੋਜਨ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪਿ?ਰੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਯੂਥ ਅਫੇਅਰਜ਼ ਐਂਡ ਸਪੋਰਟਸ, ਡਿਪਟੀ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਅਤੇ ਪ੍ਰੋਗਰਾਮ ਕੋਆਰਡੀਨੇਟਰ ਐੱਨ.ਐੱਸ.ਐੱਸ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ ਤਹਿਤ 'ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ-2017' ਅਧੀਨ ਹੋ ਰਹੀ ਪ੍ਰਸ਼ਨੋਤਰੀ ਵਿਚ ਕਾਲਜ ਦੇ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ 'ਵਿਸ਼ਾਲ ਮੈਗਾ ਡਰਾਈਵ' ਸਬੰਧੀ ਇਕ ਦਿਨਾਂ ਕੈਂਪ ਲਗਾਇਆ ਗਿਆ। ਇਸ ਮੌਕੇ ਅੰਕੁਸ਼ ਨਿਸ਼ਾਵਨ ਯੰਗ ਪ੍ਰੋਫੈਸ਼ਨਲ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਯੂਥ ਅਫੇਅਰਜ਼ ਐਂਡ ਸਪੋਰਟਸ, ਰੀਜ਼ਨਲ ਸੈਂਟਰ ਚੰਡੀਗੜ੍ਹ ਵਲੋਂ ਕਾਲਜ ਦੇ ਵਿਦਿਆਰਥੀਆਂ ਨੂੰ 'ਵਿਕਸਤ ਭਾਰਤ ਯੰਗ ਲੀਡਰਜ਼ ਡਾਇਲਾਗ-2027' ਸਬੰਧੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਮਾਈ ਭਾਰਤ ਪੋਰਟਲ 'ਤੇ ਚੱਲ ਰਹੀ ਆਨਲਾਈਨ ਪ੍ਰਸ਼ਨੋਤਰੀ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਪ੍ਰਸ਼ਨੋਤਰੀ ਵਿਚ 15 ਤੋਂ 29 ਸਾਲ ਦੇ ਸਾਰੇ ਨੌਜਵਾਨ 30 ਸਤੰਬਰ ਤੱਕ ਭਾਗ ਲੈ ਸਕਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਅਗਲੇ ਪੜਾਵਾਂ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਰਾਜ ਅਤੇ ਰਾਸ਼ਟਰੀ ਮੰਚ ਤੱਕ ਪਹੁੰਚਣ ਲਈ ਇਸ ਪ੍ਰਸ਼ਨੋਤਰੀ ਵਿਚ ਭਾਗ ਲੈਣਾ ਪਹਿਲਾ ਪੜਾਅ ਹੈ ਅਤੇ ਇਸ ਪ੍ਰਕਿਰਿਆ ਦੇ ਅੰਤਿਮ ਪੜਾਅ ਵਿਚ ਚੁਣੇ ਗਏ ਨੌਜਵਾਨਾਂ ਨੂੰ ਮਾਨਯੋਗ ਪ੍ਰਧਾਨ ਮੰਤਰੀ ਨਾਲ ਮੁਲਾਕਤ ਕਰਨ ਦਾ ਮੌਕਾ ਵੀ ਮਿਲ ਸਕੇਗਾ। ਉਤਸ਼ਾਹਿਤ ਵਿਦਿਆਰਥੀਆਂ ਨੇ ਮੌਕੇ ਸਿਰ ਹੀ ਇਸ ਪ੍ਰਸ਼ਨੋਤਰੀ ਵਿਚ ਭਾਗ ਲੈ ਕੇ ਸਰਟੀਫਿਕੇਟ ਪ੍ਰਾਪਤ ਕੀਤੇ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਵਿਦਿਆਰਥੀਆਂ ਨੂੰ ਇਸ ਵਿਸ਼ਾਲ ਮੈਗਾ ਡਰਾਈਵ ਵਿਚ ਵੱਧ ਚੜ੍ਹਕੇ ਭਾਗ ਲੈਣ ਲਈ ਪ੍ਰੇਰਿਤ।



ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਦੀ ਤਰੱਕੀ ਅਤੇ ਰਾਸ਼ਟਰ ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਪ੍ਰੋਗਰਾਮ ਦਾ ਮੰਚ ਸੰਚਾਲਨ ਪ੍ਰੋਗਰਾਮ ਅਫਸਰ ਡਾ. ਨਰੇਸ਼ ਕੁਮਾਰੀ ਵਲੋਂ ਕੀਤਾ ਗਿਆ। ਇਸ ਮੌਕੇ ਪ੍ਰੋ. ਲਖਵਿੰਦਰਜੀਤ ਕੌਰ, ਡਾ. ਜਾਨਕੀ ਅਗਰਵਾਲ, ਡਾ. ਮਨਬੀਰ ਕੌਰ, ਪ੍ਰੋ. ਰਿਤੂ ਸਿੰਘ, ਡਾ. ਸੰਘਾ ਗੁਰਬਖਸ਼ ਕੌਰ, ਪ੍ਰੋਗਰਾਮ ਅਫਸਰ ਡਾ. ਅਰਵਿੰਦਰ ਸਿੰਘ, ਡਾ. ਪ੍ਰੀਤ ਇੰਦਰ ਸਿੰਘ, ਡਾ. ਨਵਜੋਤ ਕੌਰ, ਪ੍ਰੋ. ਮਨਵੀਰ ਕੁਮਾਰ, ਪ੍ਰੋ. ਸੌਰਵ ਦਾਦਰੀ ਆਦਿ ਹਾਜ਼ਰ ਹੋਏ।

ਪ੍ਰਿੰ: ਡਾਕਟਰ ਪਰਵਿੰਦਰ ਸਿੰਘ ਪ੍ਰਧਾਨ ਅਤੇ ਇਕਬਾਲ ਸਿੰਘ ਖੇੜਾ ਡੀ.ਐਫ.ਏ. ਦੇ ਸੈਕਟਰੀ ਬਣੇ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ ਹੁਸ਼ਿਆਰਪੁਰ ਦੀ ਚੋਣ ਅੱਜ ਖ਼ਾਲਸਾ ਕਾਲਜ ਮਾਹਿਲਪੁਰ ਵਿਖੇ ਰਿਟਰਨਿੰਗ ਅਫ਼ਸਰ ਰਿਟਾਇਰ ਤਹਿਸੀਲਦਾਰ ਪਾਲ ਰਾਮ ਅਤੇ ਪੀ ਐਫ.ਏ. ਵਲੋਂ ਨਿਯੁਕਤ ਰਿਟਾਇਰ ਪ੍ਰਿੰਸੀਪਲ ਭਿੰਡਰ ਜੀ ਦੀ ਦੇਖਰੇਖ ਹੇਠ ਸਰਬਸੰਮਤੀ ਨਾਲ ਸੰਪੰਨ ਹੋਈ ਸਰਬਸੰਮਤੀ ਨਾਲ ਹੋਈ ਇਸ ਚੋਣ ਵਿੱਚ ਸੀ ਆਰ ਐਸ ਪ੍ਰਾਪਤ 12 ਕਲੱਬਾਂ ਦੇ ਪ੍ਰਤੀਨਿਧੀਆਂ ਨੇ ਪ੍ਰਿੰਸੀਪਲ ਡਾ: ਪਰਵਿੰਦਰ ਸਿੰਘ ਹੋਰਾਂ ਨੂੰ ਪ੍ਰਧਾਨ, ਜਥੇਦਾਰ ਇਕਬਾਲ ਸਿੰਘ ਖੇੜਾ ਨੂੰ ਜਨਰਲ ਸੈਕਟਰੀ, ਪ੍ਰਿੰਸੀਪਲ ਸੁਖਇੰਦਰ ਸਿੰਘ ਮਨਿਹਾਸ ਖਜ਼ਾਨਚੀ ,ਕੁਲਵਿੰਦਰ ਕੌਰ ਪੋਸੀ ਮੀਤ ਪ੍ਰਧਾਨ, ਪ੍ਰਿੰਸੀਪਲ ਰਾਮ ਮੂਰਤੀ ਜੀ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਰਹੱਲੀ ਮੀਤ ਪ੍ਰਧਾਨ, ਅਮਰੀਕ ਸਿੰਘ ਮੇਹਟੀਆਣਾ ਜੁਆਂਇਟ ਸੈਕਟਰੀ, ਅਮਨਦੀਪ ਸਿੰਘ ਬੈਂਸ ਜੁਆਂਇਟ ਸੈਕਟਰੀ , ਸੰਦੀਪ ਕੁਮਾਰ ਮਹਿਨਾਂ, ਪ੍ਰਿੰਸੀਪਲ ਸਿਬੂ ਮੈਥਿਊ ਅਤੇ ਨਵਨੀਤ ਲੱਠ ਐਗਜੈਗਟਿਵ ਮੈਂਬਰ ਨਿਯੁਕਤ ਕੀਤੇ ਗਏ ਖਿਡਾਰੀਆਂ ਵਿੱਚੋਂ ਪ੍ਰਵੀਨ ਕੁਮਾਰ ਸਰਹਾਲਾ, ਬਲਵੰਤ ਸਿੰਘ ਰਹੱਲੀ, ਚਰਨਜੀਤ ਕੌਰ ਗਿੱਲ ਅਤੇ ਨਰਿੰਦਰ ਕੌਰ ਪੱਦੀ ਸੂਰਾ ਸਿੰਘ ਐਗਜੈਗਟਿਵ ਮੈਂਬਰ ਨਿਯੁਕਤ ਕੀਤੇ ਗਏ ਜ਼ਿਲਾ ਪਲੇਅਰ ਐਸੋਸੀਏਸ਼ਨ ਦੀ ਚੋਣ ਵਿੱਚ ਮਨਜਿੰਦਰ ਸਿੰਘ ਚੇਅਰਮੈਨ, ਹਰਿੰਦਰ ਸਿੰਘ ਸੰਨੀ ਸੈਕਟਰੀ, ਚਰਨਜੀਤ ਕੁਮਾਰ ਪੋਸੀ ਖਜ਼ਾਨਚੀ, ਜਸਵੀਰ ਸਿੰਘ ਭਾਰਟਾ, ਬਲਦੀਪ ਸਿੰਘ ਪੰਜੌੜ ਅਤੇ ਬਲਦੀਪ ਸਿੰਘ ਚੱਕ ਕਟਾਰੂ ਐਗਜੈਗਟਿਵ ਦੇ ਮੈਂਬਰ ਨਿਯੁਕਤ ਹੋਏ।



ਇਸ ਮੌਕੇ ਪੀ ਐਫ ਏ ਦੇ ਸੈਕਟਰੀ ਹਰਜਿੰਦਰ ਸਿੰਘ ਜੱਗਾ, ਕਲਵੰਤ ਸਿੰਘ ਜੀ ਸੰਘਾ ਪ੍ਰਧਾਨ ਪ੍ਰਿੰਸੀਪਲ ਹਰਭਜਨ ਸਿੰਘ ਕਲੱਬ, ਵਿਜੇ ਬਾਲੀ ਜੀ ਜੁਆਂਇਟ ਸੈਕਟਰੀ, ਪ੍ਰਿੰਸੀਪਲ ਜਗਮੋਹਨ ਸਿੰਘ ਜੀ ਡਾਂਡੀਆਂ, ਟੈਕਨੀਕਲ ਅਡਵਾਈਜਰ ਹਰਦੀਪ ਸਿੰਘ ਸੈਣੀ, ਜੁਝਾਰ ਸਿੰਘ ਮਹਿਨਾ, ਇੰਦਰਜੀਤ ਸਿੰਘ ਮਹਿਨਾ, ਗੁਰਦੇਵ ਸਿੰਘ ਚੱਕ ਗੁਰੂ, ਸਰਬਜੀਤ ਸਿੰਘ ਸਹੋਤਾ, ਸੁਖਵਿੰਦਰ ਸਿੰਘ ਗਿੱਲ ਮੀਰੀ ਪੀਰੀ ਕਲੱਬ, ਸੰਦੀਪ ਕੁਮਾਰ ਦਦਿਆਲ ਨੇ ਚੁਣੇ ਹੋਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਪ੍ਰਿੰਸੀਪਲ ਪਰਵਿੰਦਰ ਸਿੰਘ ਅਤੇ ਜਥੇਦਾਰ ਇਕਬਾਲ ਸਿੰਘ ਖੇੜਾ ਨੇ ਸਾਰੇ ਮੈਂਬਰ ਸਾਹਿਬਾਨ ਅਤੇ ਪੀ ਐਫ ਏ ਦੇ ਨੁਮਾਇੰਦਿਆਂ ਦਾ ਧੰਨਵਾਦ ਕਰਦਿਆਂ ਸਾਰਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਜੇ ਤੁਸੀਂ ਸਾਨੂੰ ਇਹ ਮਾਣ ਬਖਸ਼ਿਆ ਹੈ ਤਾਂ ਅਸੀਂ ਵੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਫੁੱਟਬਾਲ ਦੀ ਹੋਰ ਬਿਹਤਰੀ ਲਈ ਗਰਾਸ ਰੂਟ ਤੋਂ ਲੈ ਕੇ ਸੀਨੀਅਰ ਚੈਂਪੀਅਨਸ਼ਿਪਾਂ ਕਰਵਾ ਕੇ ਖਿਡਾਰੀਆਂ ਨੂੰ ਵੱਧ ਤੋਂ ਵੱਧ ਆਪਣੀ ਖੇਡ ਨਿਖਾਰਨ ਦੇ ਮੌਕੇ ਮੁਹੱਈਆ ਕਰਵਾਵਾਂਗੇ ਖਿਡਾਰੀਆਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।

ਕੱਲ ਨੂੰ ਆਸ਼ਾ ਵਰਕਰ ਤੇ ਫੈਸਿਲੀਟੇਟਰਜ ਯੂਨੀਅਨ ਵੱਲੋਂ ਸਿਵਲ ਸਰਜਨ ਹੁਸ਼ਿਆਰਪੁਰ ਦੇ ਦਫ਼ਤਰ ਕੀਤੀ ਜਾਵੇਗੀ ਰੋਸ ਰੈਲੀ

ਪੈ.ਗਾਮ-ਏ-ਜਗਤ/ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਦੀ ਜ਼ਿਲ੍ਹਾ ਜਨਰਲ ਸਕੱਤਰ ਹਰਨਿੰਦਰ ਕੌਰ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਢੇ ਚਾਰ ਸਾਲਾਂ ਤੋਂ ਉਹਨਾਂ ਦੀ ਕਿਸੇ ਵੀ ਮੰਗ ਨੂੰ ਮੰਨ ਕੇ ਲਾਗੂ ਨਹੀਂ ਕੀਤਾ ਗਿਆ ਅਤੇ ਨਾ ਹੀ ਉਹਨਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ ਤਨਖਾਹਾਂ ਵਿੱਚ ਵਾਧਾ ਕੀਤਾ ਗਿਆ ਹੈ। ਜਿਸ ਕਰਕੇ ਯੂਨੀਅਨ ਵੱਲੋਂ ਉਲੀਕੇ ਸੰਘਰਸ਼ ਦੀ ਲਗਾਤਾਰਤਾ ਵਿੱਚ ਮੰਗਾਂ ਦੀ ਪ੍ਰਾਪਤੀ ਲਈ ਸਿਵਲ ਸਰਜਨ ਹੁਸ਼ਿਆਰਪੁਰ ਦੇ ਦਫਤਰ ਅੱਗੇ 16 ਸਤੰਬਰ 2026 ਨੂੰ ਸਵੇਰੇ ਠੀਕ 10 ਵਜੇ ਰੋਸ ਰੈਲੀ ਕੀਤੀ ਜਾਵੇਗੀ। ਉਨਾਂ ਜ਼ਿਲ੍ਹੇ ਭਰ ਦੀਆਂ ਸਮੂਹ ਆਸ਼ਾ ਅਤੇ ਫੈਸਿਲੀਟੇਟਰ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ 16 ਸਤੰਬਰ ਨੂੰ ਠੀਕ ਸਮੇਂ ਸਿਰ ਸਿਵਲ ਸਰਜਨ ਦਫਤਰ ਹੁਸ਼ਿਆਰਪੁਰ ਵਿਖੇ ਪਹੁੰਚ ਕੇ ਰੋਸ ਰੈਲੀ ਨੂੰ ਸਫਲ ਬਣਾਉਣ ਦੀ ਕਿਰਪਾਲਤਾ ਕਰਨ ਤਾਂ ਕਿ ਮੰਗਾਂ ਦੀ ਪ੍ਰਾਪਤੀ ਲਈ ਸਿਵਲ ਸਰਜਨ ਦਫਤਰ ਅਤੇ ਪੰਜਾਬ ਸਰਕਾਰ ਤੇ ਦਬਾਅ ਬਣਾਇਆ ਜਾ ਸਕੇ।

ਭਾਵਿਪ 17 ਸਤੰਬਰ ਨੂੰ ਪੌਲੀਟੈਕਨਿਕ ਵਿਖੇ ਖ਼ੂਨਦਾਨ ਕੈਂਪ ਲਾਵੇਗੀ

ਪੈਗਾਮ-ਏ-ਜਗਤ/ ਅੰਬਾਲਾ, 13 ਸਤੰਬਰ (ਆਰ.ਸਿੰਘ)

ਭਾਰਤ ਵਿਕਾਸ ਪ੍ਰੀਸ਼ਦ, ਮਹਾਰਿਸ਼ੀ ਦਯਾਨੰਦ ਸ਼ਾਖਾ ਅੰਬਾਲਾ ਸ਼ਹਿਰ ਅਤੇ ਡਾ. ਪੁਨੀਤ ਜੈਨ ਮੈਮੋਰੀਅਲ ਐਂਡ ਚੈਰੀਟੇਬਲ ਟਰੱਸਟ, ਸ਼੍ਰੀ ਗੁਰੂ ਤੇਗ ਬਹਾਦਰ ਸਰਕਾਰੀ ਪੌਲੀਟੈਕਨਿਕ ਸੰਸਥਾ ਅੰਬਾਲਾ ਸ਼ਹਿਰ ਦੇ ਸਹਿਯੋਗ ਨਾਲ ਵੀਰਵਾਰ, 17 ਸਤੰਬਰ, 2026 ਨੂੰ ਪੌਲੀਟੈਕਨਿਕ ਸੰਸਥਾ ਵਿਖੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਕਰ ਰਹੇ ਹਨ। ਇਸ ਮੌਕੇ ਤੇ ਹਰਿਆਣਾ ਦੇ ਸਾਬਕਾ ਰਾਜ ਮੰਤਰੀ ਅਸੀਮ ਗੋਇਲ ਮੁੱਖ ਮਹਿਮਾਨ ਹੋਣਗੇ ਅਤੇ ਸਾਬਕਾ ਕੌਂਸਲਰ ਤੇ ਸਮਾਜ ਸੇਵਕ ਚੰਦਰ ਗੁਪਤ ਬਾਂਸਲ ਵਿਸ਼ੇਸ਼ ਮਹਿਮਾਨ ਹੋਣਗੇ ਜੋ ਖ਼ੂਨਦਾਨੀਆਂ ਨੂੰ ਉਤਸ਼ਾਹਿਤ ਕਰਨਗੇ। ਪ੍ਰੀਸ਼ਦ ਵੱਲੋਂ ਸਰਪ੍ਰਸਤ ਪ੍ਰਦੀਪ ਗੋਇਲ, ਸਹਿ-ਸਰਪ੍ਰਸਤ ਦੀਪਕ ਰਾਏ ਅਨੰਦ ਅਤੇ ਵਿਵੇਕ ਗੁਪਤਾ, ਪ੍ਰਧਾਨ ਚਮਨ ਅਗਰਵਾਲ, ਸਕੱਤਰ ਅੰਕੁਰ ਗੋਇਲ, ਵਿੱਤ ਸਕੱਤਰ ਅਮਿਤ ਚਾਨਣਾ, ਕੋਆਰਡੀਨੇਟਰ ਸੇਵਾ ਕ੍ਰਿਸ਼ਨਾ ਗੁਲਾਟੀ, ਮਹਿਲਾ ਭਾਗੀਦਾਰੀ ਮੰਜੂ ਅਗਰਵਾਲ, ਪ੍ਰੋਜੈਕਟ ਮੁਖੀ ਰਾਕੇਸ਼ ਮੱਕੜ, ਪ੍ਰਿੰਸੀਪਲ ਬੀਨੂੰ ਬਜਾਜ ਅਤੇ ਪ੍ਰੋਫੈਸਰ ਆਦਿਸ਼ ਬਿੰਦਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਹਸਪਤਾਲਾਂ ਵਿੱਚ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਨਿਯਮਿਤ ਤੌਰ 'ਤੇ ਖ਼ੂਨਦਾਨ ਕੈਂਪ ਲਗਾਏ ਜਾਂਦੇ ਹਨ। ਸੰਸਥਾ ਵਿੱਚ ਲਾਇਆ ਜਾ ਰਿਹਾ ਇਹ ਕੈਂਪ ਨਾ ਸਿਰਫ਼ ਵਿਦਿਆਰਥੀਆਂ ਨੂੰ ਸਮਾਜ ਸੇਵਾ ਵਿੱਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਕਰਦਾ ਹੈ ਸਗੋਂ ਸਮਰਪਣ ਦੀ ਭਾਵਨਾ ਨੂੰ ਵੀ ਜਗਾਏਗਾ।

ਹਾਈ ਕੋਰਟ ਵਿੱਚ ਦੋ ਵਾਰ ਕੇਸ ਜਿੱਤਣ ਦੇ ਬਾਵਜੂਦ ਏਡਿਡ ਸਕੂਲ ਕਰਮਚਾਰੀਆਂ ਨੂੰ ਛੇਵੇਂ ਤਨਖ਼ਾਹ ਕਮਿਸ਼ਨ ਦੇ ਏਰੀਅਰ ਨਹੀਂ ਮਿਲੇ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਦੋ ਵਾਰ ਕੇਸ ਜਿੱਤਣ ਦੇ ਬਾਵਜੂਦ ਏਡਿਡ ਸਕੂਲਾਂ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਬਕਾਇਆ ਏਰੀਅਰਾਂ ਦਾ ਭੁਗਤਾਨ ਨਹੀਂ ਹੋ ਰਿਹਾ। ਯੂਨੀਅਨ ਆਗੂਆਂ ਅਨੁਸਾਰ ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਐਫੀਡੇਵਿਟ ਦੇ ਕੇ ਵਚਨ ਦਿੱਤਾ ਸੀ ਕਿ ਏਡਿਡ ਸਕੂਲਾਂ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਸਰਕਾਰੀ ਸਕੂਲਾਂ ਦੇ ਕਰਮਚਾਰੀਆਂ ਦੇ ਨਾਲ ਹੀ ਛੇਵੇਂ ਤਨਖਾਹ ਕਮਿਸ਼ਨ ਦੇ ਏਰੀਅਰ ਦਿੱਤੇ ਜਾਣਗੇ। ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਪਿਛਲੇ ਸਾਲ ਕੁਝ ਬਕਾਇਆਂ ਦਾ ਭੁਗਤਾਨ ਸ਼ੁਰੂ ਕੀਤਾ ਗਿਆ ਸੀ, ਪਰ ਅਪ੍ਰੈਲ ਅਤੇ ਜੂਨ 2026 ਤੋਂ ਅਦਾ ਕੀਤੇ ਜਾਣ ਵਾਲੇ ਬਕਾਏ ਸਰਕਾਰੀ ਸਕੂਲਾਂ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਲਣੇ ਸ਼ੁਰੂ ਹੋਣ ਦੇ ਬਾਵਜੂਦ ਏਡਿਡ ਸਕੂਲਾਂ ਦੇ ਲਗਭਗ 1400 ਕਰਮਚਾਰੀਆਂ ਅਤੇ 12000 ਪੈਨਸ਼ਨਰਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਏਡਿਡ ਸਕੂਲ ਕਰਮਚਾਰੀਆਂ ਅਨੁਸਾਰ

- **ਨੌਂ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ 425 ਏਡਿਡ ਸਕੂਲਾਂ ਦੇ 1400 ਕਰਮਚਾਰੀ ਗੰਭੀਰ ਸੰਕਟ ਵਿੱਚ**

ਪੰਜਾਬ ਵਿੱਚ 1967 ਵਿੱਚ 512 ਏਡਿਡ ਸਕੂਲ ਸਨ, ਜੋ ਹੁਣ ਘਟ ਕੇ 425 ਰਹਿ ਗਏ ਹਨ। ਸੇਵਾਮੁਕਤੀ ਤੋਂ ਬਾਅਦ ਨਵੀਆਂ ਨਿਯੁਕਤੀਆਂ ਨਾ ਹੋਣ ਕਾਰਨ ਕਰੀਬ 87 ਸਕੂਲ ਬੰਦ ਹੋ ਚੁੱਕੇ ਹਨ। ਇਨ੍ਹਾਂ ਸਕੂਲਾਂ ਵਿੱਚ ਕਦੇ ਲਗਭਗ 9468 ਮਨਜ਼ੂਰਸ਼ੁਦਾ ਅਹੁਦੇ ਸਨ, ਪਰ 2003 ਤੋਂ ਬਾਅਦ ਨਵੀਂ ਭਰਤੀ ਨਾ ਹੋਣ ਕਾਰਨ ਜ਼ਿਆਦਾਤਰ ਅਹੁਦੇ ਖਾਲੀ ਹੁੰਦੇ ਗਏ।

ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਲਗਭਗ ਨੌਂ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ 1400 ਅਧਿਆਪਕ ਅਤੇ ਹੋਰ ਕਰਮਚਾਰੀ ਗੰਭੀਰ ਆਰਥਿਕ ਸੰਕਟ ਵਿੱਚੋਂ ਲੰਘ ਰਹੇ ਹਨ। ਕਈ ਕਰਮਚਾਰੀਆਂ ਨੂੰ ਘਰੇਲੂ ਖਰਚੇ, ਬੱਚਿਆਂ ਦੀਆਂ ਫੀਸਾਂ ਅਤੇ ਹੋਰ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਗਹਿਣੇ ਵੇਚਣ ਜਾਂ ਗਹਿਣੇ ਰੱਖਣੇ ਪੈ ਰਹੇ ਹਨ। ਕੁਝ ਕਰਮਚਾਰੀ ਘਰ ਦੀ ਰਜਿਸਟਰੀ ਗਹਿਣੇ ਰੱਖ ਕੇ ਕਰਜ਼ਾ ਲੈਣ ਲਈ ਮਜਬੂਰ ਹਨ, ਜਦਕਿ ਬੈਂਕ ਦੀਆਂ ਕਿਸ਼ਤਾਂ ਨਾ ਭਰਨ ਕਾਰਨ ਨੋਟਿਸ ਵੀ ਮਿਲ ਰਹੇ ਹਨ। ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ, ਜਨਰਲ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ ਅਤੇ ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਗੁਰਚਰਨ ਸਿੰਘ ਚਾਹਲ ਨੇ ਮੰਗ ਕੀਤੀ ਕਿ ਬਕਾਇਆ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ, ਸੇਵਾਮੁਕਤ ਕਰਮਚਾਰੀਆਂ ਦੇ ਪੀ.ਪੀ.ਓ. ਜਾਰੀ ਕੀਤੇ ਜਾਣ ਅਤੇ ਹਾਈ ਕੋਰਟ ਵਿੱਚ ਦਿੱਤੇ ਐਫੀਡੇਵਿਟ ਅਨੁਸਾਰ ਛੇਵੇਂ ਤਨਖਾਹ ਕਮਿਸ਼ਨ ਦੇ ਏਰੀਅਰਾਂ ਦਾ ਭੁਗਤਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੰਗਾਂ ਨਾ ਮੰਨੀਆਂ ਗਈਆਂ ਤਾਂ ਯੂਨੀਅਨ ਅੰਦੋਲਨ ਕਰਨ ਲਈ ਮਜਬੂਰ ਹੋਵੇਗੀ। ਯੂਨੀਅਨ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਏਡਿਡ ਸਕੂਲ ਕਰਮਚਾਰੀਆਂ ਨੂੰ ਸਰਕਾਰੀ ਸਕੂਲਾਂ ਦੇ ਕਰਮਚਾਰੀਆਂ ਦੇ ਬਰਾਬਰ ਸਾਰੀਆਂ ਸਹੂਲਤਾਂ ਦੇਣ ਅਤੇ ਉਨ੍ਹਾਂ ਦਾ ਸਰਕਾਰੀ ਸਕੂਲਾਂ ਵਿੱਚ ਮਰਜਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਰਕਾਰ ਦੇ ਚੋਣ ਵਾਅਦੇ ਦੀ ਪੂਰਤੀ ਦੇ ਨਾਲ ਏਡਿਡ ਸਕੂਲਾਂ ਦੀਆਂ ਸਮੱਸਿਆਵਾਂ ਦਾ ਸਥਾਈ ਹੱਲ ਹੋ ਸਕਦਾ ਹੈ।

ਐੱਸ.ਆਈ.ਆਰ.-2026: ਖਰੜ ਵਿਧਾਨ ਸਭਾ ਹਲਕੇ ਵਿੱਚ ਦਾਅਵਿਆਂ ਅਤੇ ਇਤਰਾਜ਼ਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਜਾਰੀ

ਪੈ.ਗਾਮ-ਏ-ਜਗਤ/ਖਰੜ 14 ਸਤੰਬਰ (ਦਵਿੰਦਰ ਕੌਰ ਸਹੋਤਾ)

ਐੱਸ.ਡੀ.ਐੱਮ.-ਕਮ-ਈ. ਆਰ. ਓ. ਖਰੜ ਗੁਰਮੀਤ ਸਿੰਘ ਨੇ ਦੱਸਿਆ ਕਿ ਪ੍ਰਾਪਤ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਸਮਾਂ-ਸਾਰਣੀ ਅਨੁਸਾਰ 8 ਅਕਤੂਬਰ 2026 ਤੱਕ ਕੀਤਾ ਜਾਣਾ ਹੈ। ਉਨ੍ਹਾਂ ਕਿਹਾ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਪਾਰਦਰਸ਼ਤਾ ਅਤੇ ਸਿਆਸੀ ਪਾਰਟੀਆਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਨਿਯਮਤ ਤੌਰ 'ਤੇ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ।



ਉਨ੍ਹਾਂ ਦੱਸਿਆ ਕਿ ਖਰੜ ਵਿਧਾਨ ਸਭਾ ਚੋਣ ਹਲਕੇ ਲਈ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੀ ਜਾਣਕਾਰੀ ਲਈ ਫਾਰਮ ਨੰਬਰ 6, 7 ਅਤੇ 8 ਨਾਲ ਸਬੰਧਤ ਅਖੀਰਲੇ ਹਫ਼ਤੇ ਦੀਆਂ ਸੂਚੀਆਂ ਫਾਰਮ ਨੰਬਰ 9, 10, 11 ਅਤੇ 11-ਏ ਵਿੱਚ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਚੋਣਕਾਰ ਰਜਿਸਟ੍ਰੇਸ਼ਨ ਅਧਿਕਾਰੀਆਂ ਵੱਲੋਂ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਹਫਤਾਵਾਰੀ ਮੀਟਿੰਗਾਂ ਕਰਕੇ ਦਾਅਵਿਆਂ ਅਤੇ ਇਤਰਾਜ਼ਾਂ ਨਾਲ ਸਬੰਧਤ ਜ਼ਰੂਰੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ। ਗੁਰਮੀਤ ਸਿੰਘ ਨੇ ਕਿਹਾ ਕਿ ਐਸ ਆਈ ਆਰ-2026 ਦੀ ਪ੍ਰਕਿਰਿਆ ਨੂੰ ਨਿਰਧਾਰਤ ਨਿਯਮਾਂ ਅਤੇ ਸਮਾਂ-ਸਾਰਣੀ ਅਨੁਸਾਰ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹ ਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਯੋਗ ਵੋਟਰਾਂ ਦੇ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਅਤੇ ਪ੍ਰਾਪਤ ਦਾਅਵਿਆਂ ਤੇ ਇਤਰਾਜ਼ਾਂ ਦਾ ਨਿਯਮਾਂ ਅਨੁਸਾਰ ਨਿਰਪੱਖ ਢੰਗ ਨਾਲ ਨਿਪਟਾਰਾ ਕਰਨ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

ਚੰਡੀਗੜ੍ਹ ਨੂੰ ਨਸ਼ਾ ਮੁਕਤ ਕਰਨ ਲਈ 30 ਸਤੰਬਰ ਦੀ ਡੈੱਡਲਾਈਨ, ਲਾਪਰਵਾਹ ਪੁਲਿਸ ਅਧਿਕਾਰੀਆਂ 'ਤੇ ਹੋਵੇਗੀ ਸਖ਼ਤ ਕਾਰਵਾਈ : ਗੁਲਾਬ ਚੰਦ ਕਟਾਰੀਆ

ਪੈ.ਗਾਮ-ਏ-ਜਗਤ
ਚੰਡੀਗੜ੍ਹ (ਹਰਮਿੰਦਰ ਸਿੰਘ ਨਾਗਪਾਲ)

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਪੁਲਿਸ ਅਤੇ ਪ੍ਰਸ਼ਾਸਨ ਨੂੰ ਸ਼ਹਿਰ 'ਚੋਂ ਨਸ਼ੇ ਦਾ ਪੂਰਨ ਖ਼ਾਤਮਾ ਕਰਨ ਲਈ 30 ਸਤੰਬਰ ਤੱਕ ਦੀ ਡੈੱਡਲਾਈਨ ਦਿੱਤੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਇਸ ਤੋਂ ਬਾਅਦ ਜੇਕਰ ਕਿਸੇ ਇਲਾਕੇ ਵਿੱਚ ਨਸ਼ੇ ਦੀ ਵਿਕਰੀ ਹੁੰਦੀ ਪਾਈ ਗਈ ਤਾਂ ਸਬੰਧਤ ਐੱਸ.ਐੱਚ.ਓ. ਅਤੇ ਫੀਲਡ ਸਟਾਫ਼ ਖ਼?ਲਾਫ਼ ਸਖ਼ਤ ਪ੍ਰਸ਼ਾਸਕੀ ਕਾਰਵਾਈ ਕੀਤੀ ਜਾਵੇਗੀ।



ਰਾਜਪਾਲ ਨੇ ਇਹ ਗੱਲ ਸੈਕਟਰ-37 ਸਥਿਤ ਲਾਅ ਆਡੀਟੋਰੀਅਮ ਵਿੱਚ 'ਦ ਸੀਨੀਅਰ ਜਰਨਲਿਸਟਸ ਫੋਰਮ' ਦੇ ਪਹਿਲੇ ਵਰ੍ਹੇਗੰਢ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਕਹੀ। ਉਨ੍ਹਾਂ ਕਿਹਾ ਕਿ ਪੁਲਿਸ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਦੀ ਮਿਲੀਭੁਗਤ ਤੋਂ ਬਿਨਾਂ ਗੈਰ-ਕਾਨੂੰਨੀ ਧੰਦਾ ਨਹੀਂ ਚੱਲ ਸਕਦਾ। ਇਸ ਗਠਜੋੜ ਨੂੰ ਤੋੜਨ ਲਈ ਗੁਪਤ ਸੂਚਨਾ ਦੇਣ ਵਾਲਿਆਂ ਦੇ ਨਾਲ ਸੁਤੰਤਰ ਟੀਮਾਂ ਵੀ ਫੀਲਡ ਵਿੱਚ ਨਿਗਰਾਨੀ ਕਰਨਗੀਆਂ ਅਤੇ ਤਸਕਰਾਂ ਅਤੇ ਦੋਸ਼ੀ ਅਧਿਕਾਰੀਆਂ ਨੂੰ ਫੜਨਗੀਆਂ।

ਕਟਾਰੀਆ ਨੇ ਕਿਹਾ ਕਿ ਨਸ਼ਾ ਖ਼ਤਮ ਕਰਨਾ ਸਿਰਫ਼ ਸਰਕਾਰ ਦੀ ਹੀ ਨਹੀਂ, ਸਗੋਂ ਪੂਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਚੰਡੀਗੜ੍ਹ ਨੂੰ ਸਿੱਖਿਆ ਅਤੇ ਖੇਡਾਂ ਦਾ ਮੁੱਖ ਕੇਂਦਰ ਬਣਾਇਆ ਜਾਵੇਗਾ ਅਤੇ ਨਸ਼ੇ ਤੋਂ ਮੁਕਤ ਹੋ ਰਹੇ ਨੌਜਵਾਨਾਂ ਨੂੰ ਖੇਡਾਂ ਅਤੇ ਯੋਗਤਾ ਅਨੁਸਾਰ ਨਿੱਜੀ ਖੇਤਰ ਵਿੱਚ ਰੁਜ਼ਗਾਰ ਨਾਲ ਜੋੜਿਆ ਜਾਵੇਗਾ। ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਬੁੱਧਵਾਰ 'ਜਨਤਾ ਦਰਬਾਰ' ਲਗਾਉਣ ਅਤੇ ਆਪਣੇ ਦਰਵਾਜ਼ੇ ਖੁੱਲ੍ਹੇ ਰੱਖਣ ਦੀ ਗੱਲ ਵੀ ਦੁਹਰਾਈ।

ਪੱਤਰਕਾਰੀ ਨੂੰ ਲੋਕਤੰਤਰ ਦਾ ਚੌਥਾ ਥੰਮ?ਹ ਦੱਸਦਿਆਂ ਰਾਜਪਾਲ ਨੇ ਕਿਹਾ ਕਿ ਪੱਤਰਕਾਰ ਦੀ ਕਲਮ ਤਦ ਹੀ ਪ੍ਰਭਾਵਸ਼ਾਲੀ ਹੈ ਜਦੋਂ ਉਹ ਨਿਰਪੱਖ ਅਤੇ ਸੱਚੀ ਹੋਵੇ। ਹਿੰਦੁਸਤਾਨ ਟਾਈਮਜ਼ ਦੇ ਕਾਰਜਕਾਰੀ ਸੰਪਾਦਕ ਰਮੇਸ਼ ਵਿਨਾਇਕ ਨੇ ਕਿਹਾ ਕਿ ਸੋਸ਼ਲ ਮੀਡੀਆ ਅਤੇ ਸਿਆਸੀ ਦਬਾਅ ਦੇ ਬਾਵਜੂਦ ਪ੍ਰਿੰਟ ਮੀਡੀਆ ਦੀ ਭਰੋਸੇਯੋਗਤਾ ਕਾਇਮ ਹੈ। ਉਨ੍ਹਾਂ ਨੇ ਪੱਤਰਕਾਰਾਂ ਨੂੰ ਇਕਜੁੱਟ ਹੋ ਕੇ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਫ਼ਰਜ਼ ਨਿਭਾਉਣ ਦਾ ਸੱਦਾ ਦਿੱਤਾ। ਸੀਨੀਅਰ ਪੱਤਰਕਾਰ ਜਗਤਾਰ ਸਿੰਘ, ਹਰੀਸ਼ ਮਾਨਵ ਸਮੇਤ ਹੋਰ ਬੁਲਾਰਿਆਂ ਨੇ ਵੀ ਵਿਚਾਰ ਰੱਖੇ। ਫੋਰਮ ਦੀਆਂ ਮੰਗਾਂ 'ਤੇ ਰਾਜਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਯੁਸ਼ਮਾਨ ਯੋਜਨਾ ਤਹਿਤ ਸਿਹਤ ਬੀਮਾ ਕਵਰ ਉਪਲਬਧ ਹੈ, ਜਦੋਂ ਕਿ ਪੱਤਰਕਾਰਾਂ ਦੇ ਵਿਸ਼ੇਸ਼ ਐਮਰਜੈਂਸੀ ਮਾਮਲਿਆਂ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ। ਜਰਨਲਿਸਟ ਭਵਨ ਲਈ ਨਵੀਂ ਜ਼ਮੀਨ ਅਲਾਟ ਕਰਨ ਵਿੱਚ ਗ੍ਰਹਿ ਮੰਤਰਾਲੇ ਦੇ ਨਿਰਦੇਸ਼ ਅੜਿੱਕਾ ਹਨ, ਪਰ ਖਾਲੀ ਜਾਂ ਅਣਉਚਿਤ ਸਰਕਾਰੀ ਭਵਨ ਦਾ ਪ੍ਰਸਤਾਵ ਭੇਜਿਆ ਜਾ ਸਕਦਾ ਹੈ।

ਸਮਾਰੋਹ ਵਿੱਚ ਚਿਕਿਤਸਾ, ਸਿਹਤ ਅਤੇ ਸਿੱਖਿਆ ਖੇਤਰ ਵਿੱਚ ਯੋਗਦਾਨ ਲਈ ਪ੍ਰੋ. (ਡਾ.) ਰਵਨੀਤ ਕੌਰ, ਪ੍ਰੋ. (ਡਾ.) ਯਸ਼ਪਾਲ ਸ਼ਰਮਾ, ਡਾ. ਰਵੀ ਗੁਪਤਾ, ਪ੍ਰੋ. (ਡਾ.) ਹਰਸ਼ਿੰਦਰ ਕੌਰ, ਪ੍ਰੋ. ਡਾ. ਸੰਜੇ ਕੁਮਾਰ, ਡਾ. ਜ਼ੋਰਾ ਸਿੰਘ ਅਤੇ ਪ੍ਰੋ. (ਡਾ.) ਸੰਦੀਪ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਸਮਾਰੋਹ ਦੇ ਅੰਤ ਵਿੱਚ ਫੋਰਮ ਦੇ ਅਹੁਦੇਦਾਰਾਂ ਨੇ ਕੇਕ ਕੱਟਿਆ ਅਤੇ ਪ੍ਰੀਤਮ ਰੁਪਾਲ ਦੀ ਅਗਵਾਈ ਵਿੱਚ ਬਜ਼ੁਰਗਾਂ ਨੇ ਭੰਗੜੇ ਦੀ ਪੇਸ਼ਕਾਰੀ ਦਿੱਤੀ। ਇਸ ਮੌਕੇ ਫੋਰਮ ਦੇ ਸਰਪ੍ਰਸਤ ਸੁਖਦੇਵ ਸਿੰਘ, ਪ੍ਰਧਾਨ ਜਗਤਾਰ ਸਿੰਘ ਸਿੱਧੂ, ਚੇਅਰਮੈਨ ਏ.ਐਸ. ਪਾਰਾਸ਼ਰ, ਜਨਰਲ ਸਕੱਤਰ ਕੇਵਲ ਭਾਰਤੀ, ਖ਼ਜ਼ਾਨਚੀ ਸੁਰਿੰਦਰ ਸਿੰਘ ਗਰੋਆ, ਉਪ-ਪ੍ਰਧਾਨ ਪੀ.ਜੇ.ਐਸ. ਤ੍ਰੇਹਨ, ਸੀਨੀਅਰ ਪੱਤਰਕਾਰ ਨਿਤਿਨ ਜੈਨ ਸਮੇਤ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਰਹੇ।

ਮੋਹਾਲੀ ਜ਼ਿਲ੍ਹੇ ਲਈ ਨੋਡਲ ਅ.ਫਸਰ ਅਤੇ ਸਮਾਜ ਸੇਵਕਾਂ ਦੀ ਨਿਯੁਕਤੀ

ਪੈ.ਗਾਮ-ਏ-ਜਗਤ/ਮੋਹਾਲੀ
14 ਸਤੰਬਰ (ਹਰਮਿੰਦਰ ਸਿੰਘ ਨਾਗਪਾਲ)

ਬਾਲ ਨਿਆਂ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2015 ਤਹਿਤ ਮੋਹਾਲੀ ਜ਼ਿਲ੍ਹੇ ਵਿੱਚ ਨੋਡਲ ਅਫ਼ਸਰ ਅਤੇ ਸਮਾਜ ਸੇਵਕਾਂ ਦੀ ਨਿਯੁਕਤੀ ਕੀਤੀ ਗਈ ਹੈ।

ਇਸ ਸਬੰਧ ਵਿੱਚ ਸੀਨੀਅਰ ਪੁਲਿਸ ਕਪਤਾਨ (ਐੱਸ.ਐੱਸ.ਪੀ.), ਐੱਸ.ਏ.ਐੱਸ. ਨਗਰ ਵੱਲੋਂ ਸਪੈਸ਼ਲ ਡਾਇਰੈਕਟਰ ਜਨਰਲ ਪੁਲਿਸ, ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਅਤੇ ਵੂਮੈਨ ਅਫੇਅਰਜ਼, ਪੰਜਾਬ ਨੂੰ ਪੱਤਰ ਭੇਜ ਕੇ ਅਪਡੇਟਿਡ ਜਾਣਕਾਰੀ ਦਿੱਤੀ ਗਈ ਹੈ।



ਪੱਤਰ ਅਨੁਸਾਰ, ਡੀ.ਐੱਸ.ਪੀ. (ਸੀ.ਏ.ਡਬਲਿਊ. ਐਂਡ ਸੀ), ਐੱਸ.ਏ.ਐੱਸ. ਨਗਰ ਵਿੱਚ ਤਾਇਨਾਤ ਅਜੀਤ ਪਾਲ ਸਿੰਘ ਪੀ.ਪੀ.ਐੱਸ. ਨੂੰ ਜ਼ਿਲ੍ਹੇ ਦਾ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ, ਸਮਾਜ ਸੇਵੀ ਹਰਿੰਦਰ ਪਾਲ ਸਿੰਘ ਹੈਰੀ (ਲਾਇਨਜ਼ ਕਲੱਬ ਮੋਹਾਲੀ) ਅਤੇ ਆਰ.ਪੀ. ਸਿੰਘ ਵਿੱਗ (ਚੇਅਰਮੈਨ ਸਰਦਾਰ ਦੀਵਾਨ ਸਿੰਘ ਵਿੱਗ ਐਂਡ ਸੰਜ, ਮੋਹਾਲੀ) ਨੂੰ ਸਮਾਜ ਸੇਵਕ ਵਜੋਂ ਨਿਯੁਕਤ ਕੀਤਾ ਗਿਆ ਹੈ।

ਇਨ੍ਹਾਂ ਨਿਯੁਕਤੀਆਂ ਨਾਲ ਜ਼ਿਲ੍ਹੇ ਵਿੱਚ ਬੱਚਿਆਂ ਦੀ ਦੇਖਭਾਲ, ਸੁਰੱਖਿਆ ਅਤੇ ਬਾਲ ਨਿਆਂ ਨਾਲ ਜੁੜੇ ਮਾਮਲਿਆਂ ਵਿੱਚ ਸਹਿਯੋਗ ਹੋਰ ਮਜ਼ਬੂਤ ਹੋਣ ਦੀ ਉਮੀਦ ਹੈ। ਜ਼ਿਲ੍ਹਾ ਵਾਸੀਆਂ ਵੱਲੋਂ ਇਸ ਉਪਰਾਲੇ ਲਈ ਸੀਨੀਅਰ ਪੁਲਿਸ ਕਪਤਾਨ, ਐੱਸ.ਏ.ਐੱਸ. ਨਗਰ ਦਾ ਧੰਨਵਾਦ ਕੀਤਾ ਜਾ ਰਿਹਾ ਹੈ।

ਖੇਡਾਂ ਵਤਨ ਪੰਜਾਬ ਦੀਆਂ-2026: ਬਲਾਕ ਸੁਨਾਮ ਦੀਆਂ ਖੇਡਾਂ ਸ਼ੁਰੂ

ਸੰਗਰੂਰ, 14 ਸਤੰਬਰ
(ਪੈ.ਗਾਮ-ਏ-ਜਗਤ)

'ਖੇਡਾਂ ਵਤਨ ਪੰਜਾਬ ਦੀਆਂ-2026' ਦੇ ਸੀਜ਼ਨ-4 ਤਹਿਤ ਜ਼ਿਲ੍ਹਾ ਸੰਗਰੂਰ ਵਿੱਚ ਬਲਾਕ ਪੱਧਰੀ ਖੇਡ ਮੁਕਾਬਲੇ ਪੂਰੇ ਉਤਸ਼ਾਹ ਨਾਲ ਜਾਰੀ ਹਨ। ਅੱਜ ਬਲਾਕ ਸੁਨਾਮ ਦੀਆਂ ਬਲਾਕ ਪੱਧਰੀ ਖੇਡਾਂ ਵੀ ਸ਼ੁਰੂ ਹੋ ਗਈਆਂ, ਜਦਕਿ ਬਲਾਕ ਭਵਾਨੀਗੜ੍ਹ ਵਿਖੇ ਖੇਡ ਮੁਕਾਬਲਿਆਂ ਦਾ ਅੱਜ ਤੀਜਾ ਦਿਨ ਰਿਹਾ।

> • **ਭਵਾਨੀਗੜ੍ਹ ਵਿਖੇ ਤੀਜੇ ਦਿਨ ਕ੍ਰਿਕਟ ਦੇ ਸੈਮੀਫਾਈਨਲ ਮੁਕਾਬਲੇ; 60 ਸਾਲ ਤੋਂ ਵੱਧ ਉਮਰ ਦੇ ਖਿਡਾਰੀਆਂ ਨੇ ਵੀ ਦਿਖਾਏ ਖੇਡ ਦੇ ਜੌਹਰ**

ਜ਼ਿਲ੍ਹਾ ਖੇਡ ਅਫ਼ਸਰ ਸੰਗਰੂਰ ਸ੍ਰੀ ਨਵਦੀਪ ਸਿੰਘ ਨੇ ਦੱਸਿਆ ਕਿ ਬਲਾਕ ਸੁਨਾਮ ਦੀਆਂ ਖੇਡਾਂ ਸ਼ਹੀਦ ਦਲੇਲ ਸਿੰਘ ਖੇਡ ਸਟੇਡੀਅਮ, ਛਾਹੜ ਅਤੇ ਸ਼ਹੀਦ ਊਧਮ ਸਿੰਘ ਓਲੰਪਿਕ ਕਾਲਜ, ਸੁਨਾਮ ਵਿਖੇ ਕਰਵਾਈਆਂ ਜਾ ਰਹੀਆਂ ਹਨ।



ਸ਼ਹੀਦ ਦਲੇਲ ਸਿੰਘ ਖੇਡ ਸਟੇਡੀਅਮ ਵਿਖੇ ਫੁੱਟਬਾਲ, ਖੋ-ਖੋ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਦੇ ਮੁਕਾਬਲੇ ਹੋ ਰਹੇ ਹਨ, ਜਦਕਿ ਸ਼ਹੀਦ ਊਧਮ ਸਿੰਘ ਓਲੰਪਿਕ ਕਾਲਜ ਵਿਖੇ ਕਬੱਡੀ ਸਰਕਲ ਸਟਾਈਲ, ਐਥਲੈਟਿਕਸ ਅਤੇ ਕਬੱਡੀ ਨੈਸ਼ਨਲ ਸਟਾਈਲ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਬਲਾਕ ਭਵਾਨੀਗੜ੍ਹ ਵਿਖੇ ਤੀਜੇ ਦਿਨ ਕ੍ਰਿਕਟ ਦੇ ਸੈਮੀਫਾਈਨਲ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ 60 ਸਾਲ ਤੋਂ ਵੱਧ ਉਮਰ ਵਰਗ ਦੇ ਖਿਡਾਰੀਆਂ ਨੇ ਐਥਲੈਟਿਕਸ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਂਦਿਆਂ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਹਰ ਉਮਰ ਵਰਗ ਦੇ ਖਿਡਾਰੀਆਂ ਦੀ ਸ਼ਮੂਲੀਅਤ ਖੇਡਾਂ ਪ੍ਰਤੀ ਲੋਕਾਂ ਦੇ ਵਧ ਰਹੇ ਰੁਝਾਨ ਨੂੰ ਦਰਸਾਉਂਦੀ ਹੈ ਅਤੇ ਨੌਜਵਾਨਾਂ ਵਿੱਚ ਵੀ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

ਅੱਜ ਦੇ ਮੁਕਾਬਲਿਆਂ ਦੇ ਨਤੀਜੇ

ਵਾਲੀਬਾਲ ਸਮੈਸ਼ਿੰਗ ਅੰਡਰ-17 **(ਲੜਕੀਆਂ)**: ਸੰਤ ਈਸ਼ਰ ਸਿੰਘ ਪਬਲਿਕ ਸਕੂਲ, ਛਾਹੜ ਦੀ ਟੀਮ ਨੇ ਸਰਕਾਰੀ ਹਾਈ ਸਕੂਲ, ਛਾਹੜ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ।

ਵਾਲੀਬਾਲ ਸਮੈਸ਼ਿੰਗ ਅੰਡਰ-14 **(ਲੜਕੇ)**: ਈਸ਼ਰ ਸਿੰਘ ਪਬਲਿਕ ਸਕੂਲ, ਛਾਹੜ (ਏ) ਦੀ ਟੀਮ ਨੇ ਪਹਿਲਾ ਸਥਾਨ, ਜਦਕਿ ਈਸ਼ਰ ਸਿੰਘ ਪਬਲਿਕ ਸਕੂਲ, ਛਾਹੜ (ਬੀ) ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ।

ਐਥਲੈਟਿਕਸ—50 **ਤੋਂ** 60 **ਸਾਲ ਉਮਰ ਵਰਗ**, 800 **ਮੀਟਰ**: ਹਰਪ੍ਰੀਤ ਕੌਰ ਨੇ ਪਹਿਲਾ ਸਥਾਨ ਅਤੇ ਦਵਿੰਦਰ ਕੌਰ ਗਰੇਵਾਲ ਨੇ ਦੂਜਾ ਸਥਾਨ ਹਾਸਲ ਕੀਤਾ।

ਐਥਲੈਟਿਕਸ—70 **ਸਾਲ ਤੋਂ ਵੱਧ ਉਮਰ ਵਰਗ**, 100 **ਮੀਟਰ**: ਭਗਵਾਨ ਸਿੰਘ ਨੇ ਪਹਿਲਾ ਅਤੇ ਪਿਆਰਾ ਖਾਨ ਨੇ ਦੂਜਾ ਸਥਾਨ ਹਾਸਲ ਕੀਤਾ।

ਨਵਦੀਪ ਸਿੰਘ ਨੇ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦਾ ਮੁੱਖ ਮੰਤਵ ਸੂਬੇ ਦੇ ਹਰ ਵਰਗ ਅਤੇ ਹਰ ਉਮਰ ਦੇ ਲੋਕਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨਾ ਹੈ। ਉਨ੍ਹਾਂ ਖਿਡਾਰੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਅਤੇ ਆਪਣੀ ਪ੍ਰਤਿਭਾ ਨੂੰ ਨਿਖਾਰਨ ਲਈ ਪ੍ਰੇਰਿਤ ਕੀਤਾ।

ਵਿਸ਼ਵ ਸਾਈਕਲਿਸਟ ਸੋਮੇਨ ਦੇਬਨਾਥ ਨੇ ਡਿਪਟੀ ਕਮਿਸ਼ਨਰ ਸਚਿਨ ਗੁਪਤਾ ਨਾਲ ਕੀਤੀ ਮੁਲਾਕਾਤ

ਪੈ.ਗਾਮ-ਏ-ਜਗਤ
ਅੰਬਾਲਾ, 14 ਸਤੰਬਰ (ਆਰ.ਸਿੰਘ)

ਵਿਸ਼ਵ ਪ੍ਰਸਿੱਧ ਸਾਈਕਲਿਸਟ ਸੋਮੇਨ ਦੇਬਨਾਥ ਨੇ ਸੋਮਵਾਰ ਨੂੰ ਡਿਪਟੀ ਕਮਿਸ਼ਨਰ ਸਚਿਨ ਗੁਪਤਾ ਨਾਲ ਮੁਲਾਕਾਤ ਕੀਤੀ ਅਤੇ ਆਉਣ ਵਾਲੀ ਭਾਰਤ ਯਾਤਰਾ ਤੇ ਸਮਾਜਿਕ ਜਾਗਰੂਕਤਾ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਿਪਟੀ ਕਮਿਸ਼ਨਰ ਨੇ ਸੋਮੇਨ ਦੇਬਨਾਥ ਦੇ ਸਾਈਕਲਿੰਗ ਰਾਹੀਂ ਦੁਨੀਆ ਭਰ ਵਿੱਚ ਸਮਾਜਿਕ ਜਾਗਰੂਕਤਾ 'ਤੇ ਕੀਤੇ ਗਏ ਕੰਮ ਦੀ ਪ੍ਰਸ਼ੰਸਾ ਕੀਤੀ ਅਤੇ ਉਸ ਦੇ ਯਤਨਾਂ ਨੂੰ ਪ੍ਰੇਰਨਾਦਾਇਕ ਦੱਸਿਆ।

> • **ਡਿਪਟੀ ਕਮਿਸ਼ਨਰ ਨੇ ਉਸ ਦੀ 191 ਦੇਸ਼ਾਂ ਦੀ ਸਾਈਕਲ ਯਾਤਰਾ ਅਤੇ ਉਸ ਦੇ ਸਮਾਜਿਕ ਜਾਗਰੂਕਤਾ ਕਾਰਜਾਂ ਦੀ ਕੀਤੀ ਪ੍ਰਸ਼ੰਸਾ**



ਸੋਮੇਨ ਦੇਬਨਾਥ ਨੇ ਦੱਸਿਆ ਕਿ ਉਸ ਨੇ 27 ਮਈ, 2004 ਤੋਂ 16 ਦਸੰਬਰ, 2023 ਤੱਕ ਲਗਭਗ 19 ਸਾਲਾਂ ਦੇ ਸਮੇਂ ਦੌਰਾਨ ਸਾਈਕਲ ਰਾਹੀਂ 191 ਦੇਸ਼ਾਂ ਦੀ ਯਾਤਰਾ ਕੀਤੀ। ਇਸ ਸਮੇਂ ਦੌਰਾਨ ਉਸ ਨੇ ਐੱਚਆਈਵੀ/ਏਡਜ਼ ਜਾਗਰੂਕਤਾ, ਭਾਰਤੀ ਸਭਿਆਚਾਰ ਅਤੇ ਸਮਾਜਿਕ ਏਕਤਾ ਦਾ ਸੰਦੇਸ਼ ਫੈਲਾਇਆ। ਉਸ ਨੇ ਦੱਸਿਆ ਕਿ ਇਸ ਲੰਬੀ ਯਾਤਰਾ ਦੌਰਾਨ ਉਸ ਨੇ ਸਾਈਕਲ ਰਾਹੀਂ ਲਗਭਗ 200,000 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਅਤੇ 7,000 ਤੋਂ ਵੱਧ ਦਿਨ ਯਾਤਰਾ ਕੀਤੀ।

ਉਸ ਨੇ ਦੱਸਿਆ ਕਿ ਉਸ ਦੀ ਯਾਤਰਾ ਨੇ ਏਸ਼ੀਆ, ਯੂਰਪ, ਅਫਰੀਕਾ, ਦੱਖਣੀ ਅਮਰੀਕਾ, ਅੰਟਾਰਕਟਿਕਾ, ਕੈਰੇਬੀਅਨ ਟਾਪੂ, ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਸਮੇਤ ਦੁਨੀਆ ਦੇ ਵੱਖ-ਵੱਖ ਹਿੱਸਿਆਂ ਨੂੰ ਕਵਰ ਕੀਤਾ। 2023 ਵਿੱਚ ਆਪਣਾ ਵਿਸ਼ਵ ਦੌਰਾ ਪੂਰਾ ਕਰਨ ਤੋਂ ਬਾਅਦ ਉਹ ਭਾਰਤ ਵਾਪਸ ਆਇਆ ਅਤੇ 16 ਦਸੰਬਰ, 2023 ਨੂੰ ਆਪਣੇ ਜੱਦੀ ਸ਼ਹਿਰ ਬਸੰਤੀ, ਸੁੰਦਰਬਨ, ਪੱਛਮੀ ਬੰਗਾਲ ਪਹੁੰਚਿਆ।

ਉਸ ਨੇ ਦੱਸਿਆ ਕਿ ਉਹ ਹੁਣ 27 ਮਈ, 2026 ਤੋਂ 27 ਮਈ, 2027 ਤੱਕ 28 ਰਾਜਾਂ ਅਤੇ ਪੰਜ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਇੱਕ ਹੋਰ ਪ੍ਰੇਰਨਾਦਾਇਕ ਸਾਈਕਲ ਯਾਤਰਾ ਸ਼ੁਰੂ ਕਰ ਰਿਹਾ ਹੈ। ਇਹ ਯਾਤਰਾ 'ਪੁਨਰ ਮਿਲਣ ਭਾਰਤ,' 'ਇੱਕ ਰੁੱਖ, ਇੱਕ ਜੀਵਨ' ਅਤੇ 'ਭਾਰਤੀ ਯੁਵਾ ਅਤੇ ਖੇਡਾਂ÷ ਦੇ ਸੰਦੇਸ਼ਾਂ ਨੂੰ ਸਮਰਪਿਤ ਹੈ। ਇਸ ਯਾਤਰਾ ਦਾ ਉਦੇਸ਼ ਨਾਗਰਿਕਾਂ, ਖ਼ਾਸ ਕਰਕੇ ਨੌਜਵਾਨਾਂ ਨੂੰ ਸਮਾਜਿਕ ਏਕਤਾ, ਵਾਤਾਵਰਣ ਸੁਰੱਖਿਆ, ਇੱਕ ਸਿਹਤਮੰਦ ਜੀਵਨ ਸ਼ੈਲੀ ਅਤੇ ਖੇਡਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਪ੍ਰੇਰਿਤ ਕਰਨਾ ਹੈ।

ਇਸ ਮੌਕੇ 'ਤੇ ਡਿਪਟੀ ਕਮਿਸ਼ਨਰ ਸਚਿਨ ਗੁਪਤਾ ਨੇ ਸੋਮੇਨ ਦੇਬਨਾਥ ਦੀ ਹਿੰਮਤ, ਸਮਰਪਣ ਅਤੇ ਸਮਾਜਿਕ ਜਾਗਰੂਕਤਾ ਪ੍ਰਤੀ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇੰਨੇ ਲੰਬੇ ਸਮੇਂ ਲਈ ਸਾਈਕਲਿੰਗ ਰਾਹੀਂ ਦੇਸ਼ ਅਤੇ ਵਿਦੇਸ਼ਾਂ ਵਿੱਚ ਸਮਾਜਿਕ ਸੰਦੇਸ਼ ਫੈਲਾਉਣਾ ਇੱਕ ਸ਼ਲਾਘਾਯੋਗ ਅਤੇ ਪ੍ਰੇਰਨਾਦਾਇਕ ਯਤਨ ਹੈ। ਉਨ੍ਹਾਂ ਸੋਮੇਨ ਦੇਬਨਾਥ ਦੀ ਆਉਣ ਵਾਲੀ ਭਾਰਤ ਫੇਰੀ ਵਿੱਚ ਸਫਲਤਾ ਦੀ ਕਾਮਨਾ ਕੀਤੀ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

ਰੋਟਰੀ ਦੇ 'ਸਮ੍ਰਿਧੀ' ਸੈਮੀਨਾਰ ਨੇ ਇਤਿਹਾਸ ਰਚਿਆ, 800 ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲਿਆ

ਪੈ.ਗਾਮ-ਏ-ਜਗਤ
ਅੰਬਾਲਾ, 14 ਸਤੰਬਰ (ਆਰ.ਸਿੰਘ)

ਰੋਟਰੀ ਡਿਸਟ੍ਰਿਕਟ 3080 ਦਾ ਫਲੈਗਸ਼ਿਪ ਸੈਮੀਨਾਰ, 'ਸਮ੍ਰਿਧੀ', ਐਤਵਾਰ ਨੂੰ ਅੰਬਾਲਾ ਵਿੱਚ ਇੱਕ ਸ਼ਾਨਦਾਰ ਅਤੇ ਸਨਮਾਨਜਨਕ ਢੰਗ ਨਾਲ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ 800 ਤੋਂ ਵੱਧ ਰੋਟੇਰੀਅਨਾਂ, ਡੈਲੀਗੇਟਾਂ ਅਤੇ ਰੋਟਰੀ ਜ਼ਿਲ੍ਹਾ ਅਧਿਕਾਰੀਆਂ ਦੀ ਰਿਕਾਰਡ ਹਾਜ਼ਰੀ ਦੇਖਣ ਨੂੰ ਮਿਲੀ, ਜਿਸ ਨਾਲ ਇਹ ਰੋਟਰੀ ਸਾਲ ਦੇ ਸਭ ਤੋਂ ਸਫਲ ਸਮਾਗਮਾਂ ਵਿੱਚੋਂ ਇੱਕ ਬਣ ਗਿਆ।



ਭਾਰਤੀ ਜਨਤਾ ਪਾਰਟੀ ਦੀ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸਨ ਜਿਨ੍ਹਾਂ ਨੇ ਸਾਰਾ ਭਾਸ਼ਣ ਭਾਜਪਾ ਵੱਲੋਂ ਇਕ ਮਹੀਨਾ ਮਨਾਏ ਜਾਣ ਵਾਲੇ ਸੇਵਾ ਸੰਕਲਪ ਅਭਿਆਨ: ਨਾਲ ਜੋੜ ਕੇ ਰੋਟਰੀ ਦੇ ਪ੍ਰੋਜੈਕਟਾਂ ਅਤੇ ਸਮਾਜ ਸੇਵਾ ਸੀ ਚਰਚਾ ਕੀਤੀ। ਉਨ੍ਹਾਂ ਆਪਣੇ ਸੰਬੋਧਨ ਵਿੱਚ ਰੋਟਰੀ ਕਲੱਬਾਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਘੱਟੋ-ਘੱਟ ਇੱਕ ਅਰਥਪੂਰਨ ਸੇਵਾ ਪ੍ਰੋਜੈਕਟ ਸ਼ੁਰੂ ਕਰਨ ਦਾ ਸੱਦਾ ਦਿੱਤਾ ਜੋ ਸਮਾਜ ਦੇ ਲੋੜਵੰਦ ਵਰਗਾਂ ਦੇ ਜੀਵਨ ਵਿੱਚ ਅਸਲ ਤਬਦੀਲੀ ਲਿਆਏਗਾ।

ਟੀਆਰਐਫ ਟਰੱਸਟੀ ਅਤੇ ਪੀਆਰਆਈਡੀ ਏ.ਐਸ. ਵੈਂਕਟੇਸ਼ ਨੇ ਮੁੱਖ ਬੁਲਾਰੇ ਵਜੋਂ ਸੰਬੋਧਨ ਕਰਦਿਆਂ ਸਾਰੇ ਰੋਟੇਰੀਅਨਾਂ ਨੂੰ ਰੋਟਰੀ ਫਾਊਂਡੇਸ਼ਨ (ਟੀਆਰਐਫ) ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਰੋਟਰੀ ਫਾਊਂਡੇਸ਼ਨ ਰਾਹੀਂ ਸਮੂਹਿਕ ਯਤਨਾਂ ਦੇ ਨਾਲ ਮਿਲ ਕੇ ਵਿਅਕਤੀਗਤ ਯੋਗਦਾਨ, ਵਿਸ਼ਵ-ਵਿਆਪੀ ਸੇਵਾ ਅਤੇ ਮਨੁੱਖੀ ਭਲਾਈ ਲਈ ਇੱਕ ਸ਼ਕਤੀਸ਼ਾਲੀ ਵਾਹਨ ਪ੍ਰਦਾਨ ਕਰਦੇ ਹਨ।

ਇਸ ਮੌਕੇ 'ਤੇ ਜ਼ਿਲ੍ਹਾ ਗਵਰਨਰ ਡਾ. ਰੀਟਾ ਕਾਲੜਾ ਨੇ ਪਾਲ ਹੈਰਿਸ ਫੈਲੋਜ਼ (ਪੀਐਚਐਫ), ਪੀਐਚਐਫ ਸੁਸਾਇਟੀਜ਼, ਪ੍ਰਮੁੱਖ ਦਾਨੀਆਂ ਅਤੇ ਰੋਟਰੀ ਕਲੱਬਾਂ ਨੂੰ ਰੋਟਰੀ ਫਾਊਂਡੇਸ਼ਨ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ।

ਸਮਾਰੋਹ ਵਿੱਚ ਕਈ ਸੀਨੀਅਰ ਅਤੇ ਪ੍ਰਸਿੱਧ ਰੋਟਰੀ ਅਹੁਦੇਦਾਰ ਮੌਜੂਦ ਸਨ, ਜਿਨ੍ਹਾਂ ਵਿੱਚ ਪੀਡੀਜੀ ਜਤਿੰਦਰ ਢੀਂਗਰਾ, ਪੀਡੀਜੀ ਰਮਨ ਅਨੇਜਾ (ਡੀਆਰਐਫਸੀ), ਪੀਡੀਜੀ ਟੀ.ਕੇ. ਰੂਬੀ, ਪੀਡੀਜੀ ਅਰੁਣ ਮੋਂਗੀਆ, ਡੀਜੀਈ ਐਮ.ਪੀ. ਗੁਪਤਾ, ਪੀਪੀ ਸੀਏ ਏ.ਡੀ. ਗਾਂਧੀ, ਫਿਲਮ ਨਿਰਮਾਤਾ ਓਜਸਵੀ ਸ਼ਰਮਾ ਅਤੇ ਰੋਟੇਰੀਅਨ ਸੰਜੇ ਕਾਲੜਾ ਸ਼ਾਮਲ ਸਨ।

ਡਿਪਟੀ ਗਵਰਨਰ ਅਤੇ ਪ੍ਰੋਗਰਾਮ ਚੇਅਰਮੈਨ ਰੋਟੇਰੀਅਨ ਨਰੇਸ਼ ਭਾਰਦਵਾਜ ਨੇ ਸਾਰੇ ਮਹਿਮਾਨਾਂ ਅਤੇ ਡੈਲੀਗੇਟਾਂ ਦਾ ਨਿੱਘਾ ਸਵਾਗਤ ਕੀਤਾ। ਪ੍ਰੋਗਰਾਮ ਦਾ ਸੰਚਾਲਨ ਜ਼ਿਲ੍ਹਾ ਸਕੱਤਰ ਰੋਟੇਰੀਅਨ ਦੀਪਕ ਅਤੇ ਡੀਆਰਆਰ ਪੁਰੰਦਾਈ ਗੁਪਤਾ ਦੁਆਰਾ ਸੁਚੱਜੇ ਢੰਗ ਨਾਲ ਕੀਤਾ ਗਿਆ। 'ਸਮ੍ਰਿਧੀ' ਦੀ ਸਫਲਤਾ ਵਿੱਚ ਕਲੱਬ ਸਕੱਤਰ ਡਾ. ਆਰ.ਆਰ. ਸੂਰੀ, ਪ੍ਰੋਜੈਕਟ ਚੇਅਰ ਸੁਰਿੰਦਰ ਗੋਇਲ, ਪੀਪੀ ਸੀਏ ਵਿਜੇ ਗੁਪਤਾ, ਸੰਦੀਪ ਚੋਪੜਾ, ਸੁਨੀਲ ਅਗਰਵਾਲ, ਪਵਨ ਸੇਠੀ, ਅਸ਼ੋਕ ਭੱਲਾ ਅਤੇ ਜ਼ਿਲ੍ਹੇ ਦੀ ਪੂਰੀ ਪ੍ਰਬੰਧਕ ਟੀਮ ਅਤੇ ਅੰਬਾਲਾ ਦੇ ਮੇਜ਼ਬਾਨ ਰੋਟਰੀ ਕਲੱਬਾਂ ਦੁਆਰਾ ਮਹੱਤਵਪੂਰਨ ਯੋਗਦਾਨ ਪਾਇਆ ਗਿਆ। ਜ਼ਿਲ੍ਹਾ ਸਕੱਤਰ ਰੋਟੇਰੀਅਨ ਮੋਹਿਤ ਸਿੰਗਲਾ, ਰੋਟੇਰੀਅਨ ਲਲਿਤ ਬਜਾਜ, ਰੋਟੇਰੀਅਨ ਮਨੀਸ਼ ਤੋਮਰ, ਰੋਟੇਰੀਅਨ ਅਨੂਪ ਸ਼ਰਮਾ, ਰੋਟੇਰੀਅਨ ਅਨਿਲ ਚੌਹਾਨ ਅਤੇ ਏਜੀ ਰੋਹਿਤ ਗੁਪਤਾ ਨੇ ਵੀ ਸਮਾਗਮ ਨੂੰ ਸਫਲ ਬਣਾਉਣ ਲਈ ਦਿਨ-ਰਾਤ ਅਣਥੱਕ ਮਿਹਨਤ ਕੀਤੀ।

332.27 ਲੱਖ ਰੁਪਏ ਦੀ ਗ੍ਰਾਂਟ ਨਾਲ ਬਣ ਰਹੇ ਮਿੰਨੀ ਪੀ.ਐੱਚ.ਸੀ. ਚੱਬੇਵਾਲ ਦਾ ਲਿਆ ਜਾਇਜ਼ਾ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਆਮ ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਦਾ ਸਹੀ ਅਤੇ ਸਮੇਂ ਸਿਰ ਲਾਭ ਮਿਲ ਸਕੇ ਅਤੇ ਉਨ੍ਹਾਂ ਨੂੰ ਇਲਾਜ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਇਸ ਮੰਤਵ ਨਾਲ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਮਿੰਨੀ ਪੀ.ਐੱਚ.ਸੀ. ਚੱਬੇਵਾਲ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਅਤੇ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ ਗਿਆ।



> • **ਚੱਲ ਰਹੇ ਵਿਕਾਸ ਕਾਰਜਾਂ ਦੀ ਕੀਤੀ ਸਮੀਖਿਆ; ਮਰੀਜ਼ਾਂ ਤੋਂ ਲਿਆ ਸਿਹਤ ਸੇਵਾਵਾਂ ਬਾਰੇ ਫੀਡਬੈਕ**

ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਮਿੰਨੀ ਪੀ.ਐੱਚ.ਸੀ. ਵਿਖੇ 332.27 ਲੱਖ ਰੁਪਏ ਦੀ ਗ੍ਰਾਂਟ ਨਾਲ ਚੱਲ ਰਹੇ ਉਸਾਰੀ ਅਤੇ ਵਿਕਾਸ ਕਾਰਜਾਂ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਸਿਹਤ ਕੇਂਦਰ ਵਿੱਚ ਮਰੀਜ਼ਾਂ ਨੂੰ ਮਿਲ ਰਹੀਆਂ ਸਹੂਲਤਾਂ ਦੀ ਵੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਉਨ੍ਹਾਂ ਦਵਾਈਆਂ ਦੀ ਉਪਲਬਧਤਾ, ਡਾਕਟਰੀ ਅਤੇ ਹੋਰ ਸਟਾਫ਼ ਦੀ ਸਥਿਤੀ, ਵੱਖ-ਵੱਖ ਟੈਸਟਾਂ ਦੀ ਉਪਲਬਧਤਾ ਅਤੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਵਿਧਾਇਕ ਨੇ ਮਰੀਜ਼ਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਤੋਂ ਇਲਾਜ, ਦਵਾਈਆਂ, ਟੈਸਟਾਂ ਅਤੇ ਸਿਹਤ ਕੇਂਦਰ ਵਿੱਚ ਮਿਲ ਰਹੀਆਂ ਹੋਰ ਸਹੂਲਤਾਂ ਸਬੰਧੀ ਫੀਡਬੈਕ ਵੀ ਲਿਆ। ਉਨ੍ਹਾਂ ਕਿਹਾ ਕਿ ਲੋਕਾਂ ਤੋਂ ਸਿੱਧਾ ਫੀਡਬੈਕ ਲੈਣ ਨਾਲ ਇਹ ਪਤਾ ਲੱਗਦਾ ਹੈ ਕਿ ਜ਼ਮੀਨੀ ਪੱਧਰ 'ਤੇ ਸਿਹਤ ਸੇਵਾਵਾਂ ਦਾ ਲੋਕਾਂ ਨੂੰ ਕਿੰਨਾ ਲਾਭ ਮਿਲ ਰਿਹਾ ਹੈ ਅਤੇ ਕਿੱਥੇ ਹੋਰ ਸੁਧਾਰ ਦੀ ਲੋੜ ਹੈ। ਇਸ ਮੌਕੇ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਦਾ ਮਕਸਦ ਸਿਰਫ਼ ਇਮਾਰਤ ਅਤੇ ਬੁਨਿਆਦੀ ਢਾਂਚਾ ਤਿਆਰ ਕਰਨਾ ਨਹੀਂ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਇੱਥੇ ਆਉਣ ਵਾਲੇ ਹਰ ਮਰੀਜ਼ ਨੂੰ ਸਮੇਂ ਸਿਰ ਇਲਾਜ, ਦਵਾਈ ਅਤੇ ਲੋੜੀਂਦੇ ਟੈਸਟਾਂ ਦੀ ਸਹੂਲਤ ਮਿਲੇ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨਾਲ ਚੰਗਾ ਵਿਵਹਾਰ ਵੀ ਸਿਹਤ ਸੇਵਾ ਦਾ ਅਹਿਮ ਹਿੱਸਾ ਹੈ ਅਤੇ ਇਸ ਲਈ ਸਟਾਫ਼ ਨੂੰ ਹਰ ਮਰੀਜ਼ ਨਾਲ ਨਿਮਰਤਾ, ਹਮਦਰਦੀ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਆਉਣਾ ਚਾਹੀਦਾ ਹੈ। ਸਿਹਤ ਕੇਂਦਰ ਵਿੱਚ ਆਉਣ ਵਾਲਾ ਹਰ ਵਿਅਕਤੀ ਆਪਣੀ ਸਿਹਤ ਨੂੰ ਲੈ ਕੇ ਚਿੰਤਤ ਹੁੰਦਾ ਹੈ। ਇਸ ਲਈ ਉਸਨੂੰ ਸਿਰਫ਼ ਇਲਾਜ ਹੀ ਨਹੀਂ, ਸਗੋਂ ਸਨਮਾਨ, ਧਿਆਨ ਅਤੇ ਆਪਣੀ ਗੱਲ ਸੁਣੇ ਜਾਣ ਦਾ ਅਹਿਸਾਸ ਵੀ ਮਿਲਣਾ ਚਾਹੀਦਾ ਹੈ। ਲੋਕਾਂ ਦੀ ਸੰਤੁਸ਼ਟੀ ਅਤੇ ਉਨ੍ਹਾਂ ਦਾ ਫੀਡਬੈਕ ਸਾਡੇ ਲਈ ਬਹੁਤ ਮਹੱਤਵਪੂਰਨ ਹੈ, ਡਾ. ਇਸ਼ਾਂਕ ਕੁਮਾਰ ਨੇ ਕਿਹਾ। ਵਿਧਾਇਕ ਨੇ ਸਟਾਫ਼ ਨੂੰ ਹਦਾਇਤ ਕੀਤੀ ਕਿ ਮਰੀਜ਼ਾਂ ਨੂੰ ਲੋੜੀਂਦੀਆਂ ਦਵਾਈਆਂ ਅਤੇ ਟੈਸਟਾਂ ਦੀ ਸਹੂਲਤ ਸਮੇਂ ਸਿਰ ਉਪਲਬਧ ਕਰਵਾਈ ਜਾਵੇ ਅਤੇ ਸਿਹਤ ਕੇਂਦਰ ਵਿੱਚ ਆਉਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਬੇਲੋੜੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਜੁੜੇ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ 332.27 ਲੱਖ ਰੁਪਏ ਦੀ ਗ੍ਰਾਂਟ ਨਾਲ ਮਿੰਨੀ ਪੀ.ਐੱਚ.ਸੀ. ਦਾ ਬੁਨਿਆਦੀ ਢਾਂਚਾ ਹੋਰ ਮਜ਼ਬੂਤ ਹੋਵੇਗਾ ਅਤੇ ਇਸ ਦਾ ਸਿੱਧਾ ਲਾਭ ਚੱਬੇਵਾਲ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀ ਪ੍ਰਗਤੀ ਦੇ ਨਾਲ-ਨਾਲ ਇੱਥੇ ਮਿਲ ਰਹੀਆਂ ਸਿਹਤ ਸੇਵਾਵਾਂ ਦੀ ਵੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਰਹੇਗੀ, ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਯਕੀਨੀ ਬਣਾਈਆਂ ਜਾ ਸਕਣ।

ਸੰਤ ਸ਼ਿਰੋਮਣੀ ਨਾਮਦੇਵ ਸਭਾ ਫਤਿਹਾਬਾਦ ਦੇ ਨਵੇਂ ਪ੍ਰਧਾਨ ਬਣੇ ਸ਼ਰਮਾ ਚੰਦ ਲਾਲੀ

ਪੈ.ਗਾਮ-ਏ-ਜਗਤ/ਰਤੀਆ
14 ਸਤੰਬਰ (ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

ਸੰਤ ਸ਼ਿਰੋਮਣੀ ਨਾਮਦੇਵ ਸਭਾ ਫਤਿਹਾਬਾਦ ਦੀ ਵਿਸ਼ੇਸ਼ ਮੀਟਿੰਗ ਵਿੱਚ ਸਮਾਜ ਦੀ ਏਕਤਾ, ਸਮਾਜਿਕ ਉਥਾਨ ਅਤੇ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਦੇ ਉਦੇਸ਼ ਨਾਲ 31 ਮੈਂਬਰੀ ਨਵੀਂ ਜ਼ਿਲ੍ਹਾ ਕਾਰਜਕਾਰਨੀ ਦਾ ਗਠਨ ਕੀਤਾ ਗਿਆ।

> • **31 ਮੈਂਬਰੀ ਜ਼ਿਲ੍ਹਾ ਕਾਰਜਕਾਰਨੀ ਦਾ ਗਠਨ, ਸਮਾਜ ਦੇ ਉਥਾਨ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਸੰਘਰਸ਼ ਦਾ ਲਿਆ ਸੰਕਲਪ**



ਮੀਟਿੰਗ ਵਿੱਚ ਸਰਬਸੰਮਤੀ ਨਾਲ ਸ਼ਰਮਾ ਚੰਦ ਲਾਲੀ ਨੂੰ ਸੰਤ ਸ਼ਿਰੋਮਣੀ ਨਾਮਦੇਵ ਸਭਾ ਫਤਿਹਾਬਾਦ ਦਾ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ। ਪ੍ਰਧਾਨ ਚੁਣੇ ਜਾਣ 'ਤੇ ਭਾਈਚਾਰੇ ਦੇ ਲੋਕਾਂ ਨੇ ਸ਼ਰਮਾ ਚੰਦ ਲਾਲੀ ਨੂੰ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਉਨ੍ਹਾਂ ਦੀ ਅਗਵਾਈ ਹੇਠ ਸਭਾ ਸਮਾਜਿਕ ਅਤੇ ਰਚਨਾਤਮਕ ਕੰਮਾਂ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਏਗੀ।

ਸ਼ਰਮਾ ਚੰਦ ਲਾਲੀ ਨੇ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਮਿਲਣ 'ਤੇ ਸਾਰੇ ਭਾਈਚਾਰੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਅਹੁਦਾ ਉਨ੍ਹਾਂ ਲਈ ਸਨਮਾਨ ਦੇ ਨਾਲ-ਨਾਲ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ। ਉਨ੍ਹਾਂ ਕਿਹਾ ਕਿ ਉਹ ਸਮਾਜ ਦੇ ਹਰ ਵਿਅਕਤੀ ਨੂੰ ਨਾਲ ਲੈ ਕੇ ਏਕਤਾ, ਭਾਈਚਾਰੇ ਅਤੇ ਸਮਾਜਿਕ ਵਿਕਾਸ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਅੱਜ ਸਮਾਜ ਦੇ ਸਾਹਮਣੇ ਕਈ ਸਮਾਜਿਕ ਚੁਣੌਤੀਆਂ ਹਨ। ਨਸ਼ਾ, ਦਾਜ ਪ੍ਰਥਾ, ਸਮਾਜਿਕ ਕੁਰੀਤੀਆਂ ਅਤੇ ਨੌਜਵਾਨ ਪੀੜ੍ਹੀ ਵਿੱਚ ਵੱਧ ਰਹੀਆਂ ਨਕਾਰਾਤਮਕ ਪ੍ਰਵਿਰਤੀਆਂ ਵਿਰੁੱਧ ਸਮਾਜ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੀ ਲੋੜ ਹੈ।

ਸ਼ਰਮਾ ਚੰਦ ਲਾਲੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਕਿਸੇ ਇੱਕ ਵਿਅਕਤੀ ਜਾਂ ਸੰਸਥਾ ਦੀ ਨਹੀਂ, ਸਗੋਂ ਪੂਰੇ ਸਮਾਜ ਦੀ ਜ਼ਿੰਮੇਵਾਰੀ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਜਾਵੇਗਾ, ਤਾਂ ਜੋ ਸਮਾਜ ਦੇ ਬੱਚੇ ਅੱਗੇ ਵਧ ਕੇ ਸਮਾਜ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਮੀਟਿੰਗ ਵਿੱਚ ਫਤਿਹਾਬਾਦ ਵਿੱਚ ਸੰਤ ਸ਼ਿਰੋਮਣੀ ਨਾਮਦੇਵ ਭਵਨ ਦੇ ਨਿਰਮਾਣ ਨੂੰ ਲੈ ਕੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ।

ਨਵੀਂ ਕਾਰਜਕਾਰਨੀ ਵਿੱਚ ਰਾਜਿੰਦਰ ਸਿੰਘ ਕੈਂਥ, ਸਾਬਕਾ ਪ੍ਰਧਾਨ ਸੰਤ ਸ਼ਿਰੋਮਣੀ ਨਾਮਦੇਵ ਸਭਾ ਫਤਿਹਾਬਾਦ, ਮਾਸਟਰ ਹੋਸ਼ਿਆਰ ਸਿੰਘ ਨੂੰ ਸਰਪ੍ਰਸਤ ਬਣਾਇਆ ਗਿਆ। ਵੇਦ ਪ੍ਰਕਾਸ਼ ਕੈਂਥ ਨਹਲਾ ਵਾਲੇ, ਕ੍ਰਿਸ਼ਨ ਲਾਲ ਪੰਵਾਰ ਅਤੇ ਰਾਮ ਸਿੰਘ ਸਾਗੂ ਰਤੀਆ ਨੂੰ ਅਨੁਸ਼ਾਸਨ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ। ਜ਼ਿੰਮੇਵਾਰੀਆਂ ਦਿੰਦਿਆਂ ਹੋਇਆਂ ਜ਼ਿਲ੍ਹਾ ਪ੍ਰਧਾਨ ਸ਼ਰਮਾ ਚੰਦ ਲਾਲੀ, ਉਪ-ਪ੍ਰਧਾਨ ਬੁੱਧ ਰਾਮ ਫੌਜੀ, ਹਰਦੇਵ ਸਿੰਘ ਪਟਵਾਰੀ, ਕ੍ਰਿਸ਼ਨ ਕੁਮਾਰ ਕਸ਼ਯਪ ਹੋਣਗੇ ਸਭਾ ਦੇ ਸਕੱਤਰ ਡਾ. ਜਵਾਹਰ ਲਾਲ, ਸਹਿ-ਸਕੱਤਰ ਪਵਨ ਕੁਮਾਰ, ਵਿਕਾਸ ਰੋਹਿਲਾ, ਡਾ. ਵਿਨੋਦ ਕੁਮਾਰ ਬੰਗਾਂਵ ਨੂੰ ਜ਼ਿੰਮੇਵਾਰੀ ਦਿੱਤੀ ਗਈ, ਖ਼ਜ਼ਾਨਚੀ ਰਾਮੇਸ਼ਵਰ ਖੱਤੀ, ਸਹਿ-ਖ਼ਜ਼ਾਨਚੀ ਭੂਪ ਸਿੰਘ ਰੋਹਿਲਾ, ਆਡੀਟਰ ਸਰਵਦੀਪ ਸਿੰਘ ਸੱਗੂ, ਪ੍ਰੈੱਸ ਬੁਲਾਰਾ ਦਲਬੀਰ ਸਿੰਘ ਇਸ ਤੋਂ ਇਲਾਵਾ, ਹਰੀ ਸਿੰਘ, ਕਰਨੈਲ ਸਿੰਘ ਸਾਗੂ, ਸਹੀ ਰਾਮ ਸਾਗੂ, ਸਤੀਸ਼ ਕੁਮਾਰ ਬਾਟੂ, ਦਲੀਪ ਕੁਮਾਰ ਪੰਵਾਰ ਨੰਬਰਦਾਰ ਰੱਤਾਖੇੜਾ, ਦੀਪਕ ਕੁਮਾਰ ਟੋਹਾਣਾ, ਨਿਰਮਲ ਸਿੰਘ ਟੋਹਾਣਾ, ਸੁਨੀਲ ਕੁਮਾਰ ਹੰਸਗਾ, ਈਸ਼ਵਰ ਸਿੰਘ ਕੈਂਥ ਭੂਨਾ, ਵਿਕਾਸ ਕੁਮਾਰ ਮੇਹੂੰਵਾਲਾ, ਸਮੇਤ ਸਮਾਜ ਦੇ ਹੋਰ ਪਤਵੰਤੇ ਲੋਕਾਂ ਨੂੰ ਜ਼ਿਲ੍ਹਾ ਕਾਰਜਕਾਰਨੀ ਵਿੱਚ ਸ਼ਾਮਲ ਕੀਤਾ ਗਿਆ।

8ਵਾਂ ਪਬਲਿਕ ਹੈਲਥ ਪਾਲਿਸੀ ਐਂਡ ਮੈਨੇਜਮੈਂਟ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ

ਚੰਡੀਗੜ੍ਹ, 14 ਸਤੰਬਰ
(ਪੈ.ਗਾਮ-ਏ-ਜਗਤ)

ਪੀ.ਜੀ.ਆਈ.ਐੱਮ.ਈ.ਆਰ. ਚੰਡੀਗੜ੍ਹ ਵਿਖੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਪ੍ਰਸਿੱਧ ਇੰਡੀਅਨ ਟੈਕਨੀਕਲ ਐਂਡ ਇਕਨਾਮਿਕ ਕੋਆਪਰੇਸ਼ਨ (ਆਈ.ਟੀ.ਈ.ਸੀ.) ਪ੍ਰੋਗਰਾਮ ਤਹਿਤ ਕਰਵਾਇਆ ਗਿਆ 8ਵਾਂ ਪਬਲਿਕ ਹੈਲਥ ਪਾਲਿਸੀ ਐਂਡ ਮੈਨੇਜਮੈਂਟ (ਪੀ.ਐੱਚ.ਪੀ.ਐੱਮ.) ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋ ਗਿਆ। ਇੱਕ ਹਫ਼ਤੇ ਦੇ ਇਸ ਅੰਤਰਰਾਸ਼ਟਰੀ ਸਮਰੱਥਾ ਨਿਰਮਾਣ ਪ੍ਰੋਗਰਾਮ ਵਿੱਚ 25 ਦੇਸ਼ਾਂ ਦੇ 45 ਸੀਨੀਅਰ ਸਿਹਤ ਖੇਤਰ ਦੇ ਮਾਹਿਰਾਂ ਨੇ ਭਾਗ ਲਿਆ।



ਵੈਲੇਡਿਕਟਰੀ ਸਮਾਰੋਹ ਦੇ ਮੁੱਖ ਮਹਿਮਾਨ ਚੰਡੀਗੜ੍ਹ ਟੂਰਿਜ਼ਮ ਦੇ ਸਕੱਤਰ ਡਾ. ਸਈਅਦ ਆਬਿਦ ਰਸ਼ੀਦ ਸ਼ਾਹ ਨੇ ਕਿਹਾ ਕਿ ਚੰਡੀਗੜ੍ਹ ਆਧੁਨਿਕ, ਤਰੱਕੀਸ਼ੀਲ ਅਤੇ ਸਵਾਗਤਯੋਗ ਭਾਰਤ ਦੀ ਝਲਕ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਅਕਾਦਮਿਕ ਅਤੇ ਪੇਸ਼ੇਵਰ ਮੰਚ ਹੋਣ ਦੇ ਨਾਲ ਭਾਰਤ ਦੀ ਸਾਫਟ ਡਿਪਲੋਮੇਸੀ ਲਈ ਵੀ ਮਹੱਤਵਪੂਰਨ ਸਾਬਤ ਹੋਇਆ ਹੈ। ਇਸ ਰਾਹੀਂ ਵੱਖ-ਵੱਖ ਦੇਸ਼ਾਂ ਵਿਚਕਾਰ ਆਪਸੀ ਸਮਝ, ਸਦਭਾਵਨਾ ਅਤੇ ਸੰਸਥਾਗਤ ਸਬੰਧਾਂ ਨੂੰ ਮਜ਼ਬੂਤੀ ਮਿਲੀ ਹੈ।

ਡੈਲੀਗੇਟਾਂ ਨੇ ਭਾਰਤ ਦੀ ਸਿਹਤ ਪ੍ਰਣਾਲੀ ਅਤੇ ਨੀਤੀਆਂ ਨੂੰ ਅਮਲ ਵਿੱਚ ਲਾਗੂ ਕਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਪੀ.ਜੀ.ਆਈ.ਐੱਮ.ਈ.ਆਰ. ਦੀਆਂ ਗ੍ਰੀਨ ਹਸਪਤਾਲ ਪਹਿਲਕਦਮੀ, ਰੀਜਨਲ ਆਰਗਨ ਐਂਡ ਟਿਸ਼ੂ ਟਰਾਂਸਪਲਾਂਟ ਆਰਗੇਨਾਈਜ਼ੇਸ਼ਨ (ਆਰ.ਓ.ਟੀ.ਟੀ.ਓ.), ਟੈਲੀਐਵੀਡੈਂਸ ਅਤੇ ਟੈਲੀਮੈਡੀਸਨ ਵਰਗੀਆਂ ਪਹਿਲਕਦਮੀਆਂ ਵਿੱਚ ਵਿਸ਼ੇਸ਼ ਦਿਲਚਸਪੀ ਦਿਖਾਈ। ਪ੍ਰੋਗਰਾਮ ਦੌਰਾਨ ਨੈਸ਼ਨਲ ਹੈਲਥ ਮਿਸ਼ਨ, ਆਯੁਸ਼ਮਾਨ ਭਾਰਤ, ਨੈਸ਼ਨਲ ਆਰਗਨ ਟਰਾਂਸਪਲਾਂਟ ਪ੍ਰੋਗਰਾਮ ਅਤੇ ਡਿਜ਼ੀਟਲ ਸਿਹਤ ਤੇ ਸਥਿਰਤਾ ਨਾਲ ਸਬੰਧਤ ਪਹਿਲਕਦਮੀਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਡੈਲੀਗੇਟਾਂ ਲਈ ਆਈ.ਸੀ.ਸੀ.ਸੀ. ਅਤੇ ਓਪਨ ਹੈਂਡ ਸਮਾਰਕ ਦੇ ਦੌਰੇ ਵੀ ਕਰਵਾਏ ਗਏ।

ਡਾ. ਸੋਨੂੰ ਗੋਇਲ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਇਹ ਪ੍ਰੋਗਰਾਮ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਲੀਡਰਸ਼ਿਪ ਅਤੇ ਮੈਨੇਜਮੈਂਟ ਸਿਖਲਾਈ ਮਾਡਲ ਬਣ ਚੁੱਕਾ ਹੈ। 'ਵਸੁਧੈਵ ਕੁਟੁੰਬਕਮ' ਦੀ ਭਾਵਨਾ ਨਾਲ ਇਹ ਪ੍ਰੋਗਰਾਮ ਸਿੱਖਿਆ ਤੋਂ ਅੱਗੇ ਵਧ ਕੇ ਲੰਬੇ ਸਮੇਂ ਦੀਆਂ ਸਾਂਝੇਦਾਰੀਆਂ, ਆਪਸੀ ਵਿਸ਼ਵਾਸ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਉਤਸ਼ਾਹਿਤ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 97 ਦੇਸ਼ਾਂ ਦੇ 1,850 ਤੋਂ ਵੱਧ ਪਬਲਿਕ ਹੈਲਥ ਮਾਹਿਰਾਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ। ਅੰਤ ਵਿੱਚ ਸਾਰੇ ਭਾਗੀਦਾਰਾਂ ਨੂੰ ਸਫਲਤਾਪੂਰਵਕ ਸਿਖਲਾਈ ਪੂਰੀ ਕਰਨ 'ਤੇ ਸਰਟੀਫਿਕੇਟ ਵੰਡੇ ਗਏ।

26 ਸਾਲਾਂ ਤੋਂ ਸਮਾਜ ਸੇਵਾ ਵਿੱਚ ਜੁਟੀ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਡਾ. ਪਰਮਿੰਦਰ ਸਿੰਘ ਦਾ ਸਨਮਾਨ

ਪਟਿਆਲਾ, 14 ਸਤੰਬਰ
(ਪੈ.ਗਾਮ-ਏ-ਜਗਤ)

ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਸਮਾਜ ਵਿੱਚ ਭਲਾਈ ਦੇ ਕੰਮ 26 ਸਾਲਾਂ ਤੋਂ ਕਰ ਰਹੀ ਹੈ। ਮੈਡੀਕਲ ਕੈਂਪ, ਖੂਨਦਾਨ ਕੈਂਪ, ਪਲਾਸਟਿਕ ਦੇ ਲਿਫਾਫੇ ਬੰਦ ਕਰਨ ਅਤੇ ਕੱਪੜੇ ਜਾਂ ਜੂਟ ਦੇ ਥੈਲੇ ਦੀ ਵਰਤੋਂ ਕਰਨ ਲਈ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ। ਪਲਾਸਟਿਕ ਦੇ ਲਿਫਾਫੇ ਸਾਡੀ ਸਿਹਤ ਨੂੰ ਖਰਾਬ ਕਰਦੇ ਹਨ ਅਤੇ ਕੈਂਸਰ ਵਰਗੀ ਬਿਮਾਰੀ ਹੋ ਜਾਂਦੀ ਹੈ। ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਅਧਿਆਪਕਾਂ ਅਤੇ ਸਮਾਜ ਦੇ ਵਿੱਚ ਚੰਗਾ ਕੰਮ



ਕਰਨ ਵਾਲਿਆਂ ਸਮਾਜ ਸੇਵਕਾਂ ਦਾ ਸਨਮਾਨ ਵੀ ਕਰ ਰਹੀ ਹੈ। ਅੱਜ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵਲੋਂ ਡਾ. ਪਰਮਿੰਦਰ ਸਿੰਘ ਜੋ ਸਾਬਕਾ ਪ੍ਰਿੰਸੀਪਲ ਸਰਕਾਰੀ ਸਟੇਟ ਕਾਲਜ ਸਮਾਜ ਵਿੱਚ ਚੰਗਾ ਕਾਰਜ ਕਰ ਰਹੇ ਹਨ ਅੱਜ ਕਲ ਵਾਤਾਵਰਨ ਦੇ ਲਈ ਵੀ ਕੰਮ ਕਰ ਰਹੇ ਹਨ। ਕਈ ਸੰਸਥਾਵਾਂ ਦੇ ਨਾਲ ਜੁੜੇ ਹੋਏ ਹਨ। ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਦੇ ਵੀ ਮੈਂਬਰ ਹਨ ਚੰਗੀ ਸੋਚ ਦੇ ਮਾਲਕ ਹਨ। ਉਨ੍ਹਾਂ ਨੂੰ ਅੱਜ ਸਨਮਾਨ ਦਿੱਤਾ ਗਿਆ। ਇਸ ਅਵਸਰ ਤੇ ਸ੍ਰੀ ਅਮਿਤ ਕੁਮਾਰ ਗੋਇਲ ਅਤੇ ਪ੍ਰਧਾਨ ਵਿਜੇ ਕੁਮਾਰ ਗੋਇਲ ਵੀ ਹਾਜ਼ਰ ਸਨ।

ਸਜਾਵਲਪੁਰ 'ਚ ਮਾਂ ਨੂੰ ਸਮਰਪਿਤ ਸ਼ਾਇਰਾਨਾ ਸ਼ਾਮ ਜੁੜੀ

ਪੈ.ਗਾਮ-ਏ-ਜਗਤ
ਨਵਾਂਸ਼ਹਿਰ, (ਦੇਸ ਰਾਜ ਬਾਲੀ)

ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਦੇ ਸਾਬਕਾ ਪ੍ਰਧਾਨ ਗੁਰਨੇਕ ਸ਼ੇਰ ਜੀ ਦੇ ਪਿੰਡ ਸਜਾਵਲਪੁਰ ਵਿਖੇ ਮਾਂ ਨੂੰ

• ਸਵ. ਅਮਰ ਕੌਰ ਮੰਡੇਰ ਦੇ ਜੀਵਨ ਸਫ਼ਰ ਨੂੰ ਯਾਦ ਕੀਤਾ

ਸਮਰਪਿਤ ਜੁੜੀ ਸ਼ਾਇਰਾਨਾ ਸ਼ਾਮ ਯਾਦਗਾਰੀ ਹੋ ਨਿਬੜੀ।

ਇਸ ਮੌਕੇ ਸ਼ਾਇਰਾ ਵਲੋਂ ਮਾਂ ਦੀ ਮਮਤਾ ਅਤੇ ਮਾਂ ਦਾ ਆਪਣੇ ਪਰਿਵਾਰ ਅਤੇ ਖਾਸ ਕਰਕੇ ਬੱਚਿਆਂ ਪ੍ਰਤੀ ਵੱਡਮੁੱਲਾ ਯੋਗਦਾਨ ਅੰਕਿਤ ਕਰਦੀਆ ਰਚਨਾਵਾਂ ਦੀ ਸਾਂਝ ਪਾਈ ਗਈ। ਇਹ ਸ਼ਾਮਲ ਸਵ.



ਅਮਰ ਕੌਰ ਮੰਡੇਰ ਦੇ ਜੀਵਨ ਸਫ਼ਰ ਨੂੰ ਸਮਰਪਿਤ ਸੀ ਜੋ ਕਿ ਕੈਨੇਡਾ 'ਚ ਬੀਤੀ ਦਿਨੀਂ ਸਦੀਵੀਂ ਵਿਛੋੜਾ ਦੇ ਗਏ ਸਨ। ਇਸ ਦੌਰਾਨ ਗੀਤ, ਕਵਿਤਾਵਾਂ ਤੇ ਗ਼ਜ਼ਲਾਂ ਦੀਆਂ ਪੇਸ਼ਕਾਰੀਆਂ ਵਿੱਚ ਪ੍ਰਿੰਸੀਪਲ ਰਾਮ ਨਾਥ ਕਟਾਰੀਆ, ਰਜਨੀ ਸ਼ਰਮਾ, ਦੇਸ ਰਾਜ ਬਾਲੀ, ਹਰੀ ਕਿਸ਼ਨ ਪਟਵਾਰੀ, ਰਾਜਵਿੰਦਰ ਕੌਰ ਨਾਗਰਾ, ਨੀਰੂ ਜੱਸਲ, ਮਨਪ੍ਰੀਤ ਕੌਰ ਸੋਢੀਆਂ, ਅਮਰਜੀਤ ਕੌਰ ਚੰਦਰ ਆਦਿ ਸ਼ਾਮਲ ਸਨ। ਸੰਸਥਾ ਦੇ ਪ੍ਰਧਾਨ ਦਵਿੰਦਰ ਸਕੋਹਪੁਰੀ ਨੇ ਕਿਹਾ ਕਿ ਮਾਂ ਦੀ ਹੋਂਦ ਨਾਲ ਪਰਿਵਾਰ ਦੀ ਸਥਾਪਿਤੀ ਸੰਭਵ ਹੈ ਕਿਉਂਕਿ ਮਮਤਾ ਦਾ ਵਾਸ ਜਿੱਥੇ ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਅਥਾਹ ਭਾਵਨਾਵਾਂ ਰੱਖਦਾ ਹੈ ਉੱਥੇ ਇੱਕ ਮਾਂ ਮਹਿਲਾ ਦੇ ਰੂਪ ਵਿੱਚ ਪਰਿਵਾਰ ਦੇ ਸਾਰੇ ਜੀਵਾਂ ਲਈ ਸ਼ੁੱਭ ਕਾਮਨਾਵਾਂ ਦਾ ਨਾਤਾ ਨਿਭਾਉਂਦੀ ਹੈ। ਲੇਖਕ ਸੁਰਜੀਤ ਮਜਾਰੀ ਨੇ ਵੀ ਮਾਂ ਪ੍ਰਤੀ ਸਤਿਕਾਰ ਸਬੰਧੀ ਆਪਣੇ ਵਿਚਾਰਾਂ ਦੀ ਸਾਂਝ ਪਾਈ। ਬੀਤੇ ਦਿਨੀ ਕੈਨੇਡਾ ਤੋਂ ਵਤਨ ਪਰਤੇ ਗੁਰਨੇਕ ਸ਼ੇਰ ਅਤੇ ਉਹਨਾਂ ਦੇ ਜੀਵਨ ਸਾਥੀ ਬਲਵੀਰ ਕੌਰ ਦਾ ਸੰਸਥਾ ਵਲੋਂ ਫੁੱਲ ਮਲਾਵਾਂ ਨਾਲ ਸਵਾਗਤ ਕੀਤਾ ਗਿਆ ਅਤੇ ਉਹਨਾਂ ਕੋਲੋਂ ਉੱਥੇ ਪੰਜਾਬੀ ਪ੍ਰਤੀ ਸੇਵਾਵਾਂ ਦੀ ਅਜੋਕੀ ਸਥਿਤੀ ਬਾਰੇ ਜਾਣਕਾਰੀ ਵੀ ਹਾਸਲ ਕੀਤੀ ਗਈ। ਗੁਰਨੇਕ ਸ਼ੇਰ ਨੇ ਦੱਸਿਆ ਕਿ ਨਵਜੋਤ ਸਾਹਿਤ ਸੰਸਥਾ ਦਾ ਇਸ ਕਦਰ ਆਪਣੇ ਸਮੂਹ ਮੈਂਬਰਾਨ ਵਿਚਕਾਰ ਅਪਣੱਤ ਤੇ ਪਰਿਵਾਰਕ ਮਾਹੌਲ ਸਿਰਜਨਾ ਵੱਡੀ ਉਦਾਹਰਣ ਹੈ। ਮੰਚ ਦਾ ਸੰਚਾਲਨ ਸੰਸਥਾ ਦੇ ਸਕੱਤਰ ਡਾ. ਕੇਵਲ ਰਾਮ ਨੇ ਕੀਤਾ ਅਤੇ ਧੰਨਵਾਦੀ ਸ਼ਬਦ ਪੰਜਾਬੀ ਲੈਕਚਰਾਰ ਰਾਜ ਰਾਣੀ ਨੇ ਸਾਂਝੇ ਕੀਤੇ।

ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਹਲਕੇ ਦੇ ਅੱਠ ਪਿੰਡਾਂ ਦਾ ਦੌਰਾ

ਧੂਰੀ, 14 ਸਤੰਬਰ
(ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਦਿੱਤੀ ਜਾ ਰਹੀ ਤਰਜੀਹ ਤਹਿਤ ਮੁੱਖ ਮੰਤਰੀ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅੱਜ ਧੂਰੀ ਹਲਕੇ ਦੇ ਅੱਠ ਪਿੰਡਾਂ ਦਾ ਦੌਰਾ ਕੀਤਾ। ਉਨ੍ਹਾਂ ਪਿੰਡ ਰੁਲਦੂ ਸਿੰਘ ਵਾਲਾ, ਮਾਨਾਂ, ਮੀਰਹੇੜੀ, ਹਰਚੰਦਪੁਰ, ਮਾਨਵਾਲਾ, ਭੱਦਲਵੱਡ, ਪਲਾਸੌਰ ਅਤੇ ਭਲਵਾਨ ਵਿਖੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਪਹਿਲਾਂ ਕਰਵਾਏ ਗਏ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਭਵਿੱਖ ਵਿੱਚ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ।

ਇਸ ਮੌਕੇ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿਛਲੇ ਸਾਢੇ ਚਾਰ ਸਾਲਾਂ

• ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਹਰੇਕ ਪਿੰਡ 'ਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਹੋਏ : ਓ.ਐਸ.ਡੀ. ਸੁਖਵੀਰ ਸਿੰਘ



ਦੌਰਾਨ ਧੂਰੀ ਹਲਕੇ ਸਮੇਤ ਪੰਜਾਬ ਦੇ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਹਰੇਕ ਪਿੰਡ ਵਿੱਚ ਪਿੰਡ ਵਾਸੀਆਂ ਦੀਆਂ ਜ਼ਰੂਰਤਾਂ ਅਤੇ ਸਥਾਨਕ ਮੰਗਾਂ ਅਨੁਸਾਰ ਵਿਕਾਸ ਲਈ ਕਰੋੜਾਂ ਰੁਪਏ ਦੀਆਂ ਗਰਾਂਟਾਂ ਮੁਹੱਈਆ ਕਰਵਾਈਆਂ ਗਈਆਂ ਹਨ। ਓ.ਐਸ.ਡੀ. ਨੇ ਕਿਹਾ ਕਿ ਪਿੰਡਾਂ ਦਾ ਖੁਦ ਦੌਰਾ ਕਰਨ ਦਾ ਮੁੱਖ ਮਕਸਦ ਵਿਕਾਸ ਕਾਰਜਾਂ ਦੀਆਂ ਅਸਲ ਲੋੜਾਂ ਨੂੰ ਜ਼ਮੀਨੀ ਪੱਧਰ 'ਤੇ ਸਮਝਣਾ ਹੈ। ਉਨ੍ਹਾਂ ਕਿਹਾ ਕਿ ਦਫ਼ਤਰਾਂ ਵਿੱਚ ਬੈਠ ਕੇ ਬਣਾਈਆਂ ਯੋਜਨਾਵਾਂ ਦੀ ਬਜਾਏ ਪਿੰਡ ਵਿੱਚ ਜਾ ਕੇ ਲੋਕਾਂ ਨਾਲ ਸਿੱਧੀ ਗੱਲਬਾਤ ਰਾਹੀਂ ਤਰਜੀਹਾਂ ਤੈਅ ਕਰਨ ਨਾਲ ਵਿਕਾਸ ਕਾਰਜ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕਰਵਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੀ ਰਾਏ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਕਾਰਜਾਂ ਦੀ ਯੋਜਨਾਬੰਦੀ ਕੀਤੀ ਜਾਵੇਗੀ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇਗਾ ਅਤੇ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਅੱਗੇ ਵਧਾਇਆ ਜਾਵੇਗਾ। ਪਿੰਡ ਵਾਸੀਆਂ ਨੇ ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਪਿੰਡਾਂ ਵਿੱਚ ਪਹੁੰਚ ਕੇ ਲੋਕਾਂ ਨਾਲ ਸਿੱਧਾ ਸੰਵਾਦ ਕਰਨ ਅਤੇ ਵਿਕਾਸ ਕਾਰਜਾਂ ਸਬੰਧੀ ਉਨ੍ਹਾਂ ਦੀ ਰਾਏ ਲੈਣ ਦੀ ਪਹਿਲ ਦਾ ਸਵਾਗਤ ਕੀਤਾ। ਇਸ ਮੌਕੇ ਏਡੀਸੀ ਸੁਖਚੈਨ ਸਿੰਘ, ਚੇਅਰਮੈਨ ਜ਼ਿਲ੍ਹਾ ਪਰਿਸ਼ਦ ਰਛਪਾਲ ਸਿੰਘ ਭੁੱਲਰ, ਅਮਰਦੀਪ ਸਿੰਘ ਧਾਂਦਰਾ ਸਮੇਤ ਪਿੰਡ ਦੀ ਪੰਚਾਇਤ ਅਤੇ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

ਮਿੰਨੀ ਪੁਸ਼ਤੈਨੀ ਜੰਗਲ ਵਿਖੇ ਲਗਾਏ ਗਏ ਵਿਰਾਸਤੀ ਬੂਟੇ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਨਗਰ ਕੌਂਸਲ ਨਵਾਂਸ਼ਹਿਰ ਦੇ ਸਹਿਯੋਗ ਨਾਲ ਪਿਛਲੇ ਸਾਲ ਅਰੰਭ ਗਕੀਤੇ ਗਏ ਮਿਊਂਸਪਲ ਨੇਚਰ ਗਾਰਡਨ ਦੀ ਦੂਸਰੀ ਵਰ੍ਹੇਗੰਢ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਅਤੇ ਪਾਰਕ ਮੈਨੇਜਮੈਂਟ ਕਮੇਟੀ ਵਲੋਂ ਇਸ ਵਿਚ ਤੀਸਰੀ ਵਾਰ ਬੂਟੇ ਲਗਾਉਣ ਦੀ ਸੇਵਾ ਨੂੰ ਨਿਰੰਤਰ ਅੱਗੇ ਵਧਾਉਂਦੇ ਹੋਏ ਨਵੀਂ ਕਿਸਮ ਦੇ ਕਰੀਬ 50 ਹੋਰ ਨਵੇਂ ਬੂਟੇ ਲਗਾਉਣ ਦੀ ਸੇਵਾ ਕੀਤੀ ਗਈ।

ਅੱਜ ਲਗਾਏ ਗਏ ਵਿਰਾਸਤੀ ਬੂਟਿਆਂ ਵਿਚ ਬੋਹੜ, ਪਿੱਪਲ, ਨਿੰਮ, ਅਰਜਨ, ਫਲਾਹੀ, ਪਿਲਕਣ, ਕਿੱਕਰ, ਜੰਡ, ਅਨਾਰ, ਅੰਬ, ਜਾਮਣ, ਅਮਰੂਦ, ਕਚਨਾਰ, ਸੁਖਚੈਨ, ਇਮਲੀ, ਢੇਊ, ਅਮਲਤਾਸ, ਤੂਤ, ਬੇਰੀ, ਆਉਲਾ,



ਸੁਹਾਂਜਣਾ, ਮਹਿੰਦੀ, ਖੰਜੂਰ, ਆਦਿਕ 15 ਕਿਸਮਾਂ ਦੇ ਅਲੱਗ ਅਲੱਗ ਪ੍ਰਕਿਰਤਿਕ ਬੂਟੇ ਸ਼ਾਮਲ ਹਨ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਮੁੱਖ ਸੇਵਾਦਾਰ ਸੁਰਜੀਤ ਸਿੰਘ ਅਤੇ ਉਪ ਮੁੱਖ ਸੇਵਾਦਾਰ ਦੀਦਾਰ ਸਿੰਘ ਨੇ ਦੱਸਿਆ ਕਿ ਮਿੰਨੀ ਜੰਗਲ ਵਿਚ ਦੋ ਸਾਲ ਪਹਿਲਾਂ ਲਗਾਏ ਗਏ ਕਰੀਬ ਚਾਰ ਸੌ ਤੋਂ ਵੱਧ ਬੂਟੇ ਹੁਣ ਕਾਫੀ ਵੱਡੇ ਹੋ ਚੁੱਕੇ ਹਨ ਅਤੇ ਹੁਣ ਮਹੌਲ ਸੰਘਣੇ ਜੰਗਲ ਵਰਗਾ ਬਣਦਾ ਨਜਰ ਆ ਰਿਹਾ ਹੈ। ਵਾਹਿਗੁਰੂ ਦੀ ਕਿਰਪਾ ਸਦਕਾ ਪਿੱਛਲੇ ਦੋ ਸਾਲ ਦੀ ਮੁਸ਼ੱਕਤ ਇਨਾ ਰੰਗ ਲਿਆ ਰਹੀ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਇਹ ਗਾਰਡਨ ਨਵਾਂਸ਼ਹਿਰ ਦੇ ਇਕ ਅਜੂਬੇ ਦੀ ਦਿੱਖ ਪ੍ਰਦਾਨ ਕਰੇਗਾ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਇਸ ਜੰਗਲ ਦੇ ਸੁੰਦਰੀਕਰਨ ਦਾ ਕੰਮ ਜਲਦੀ ਹੀ ਅਰੰਭ ਕੀਤਾ ਜਾ ਰਿਹਾ ਹੈ। ਇਸ ਮੌਕੇ ਜਿੱਥੇ ਮਿਊਂਸਪਲ ਕੌਂਸਲ ਨਵਾਂਸ਼ਹਿਰ ਦੇ ਸਮੂਹ ਮੈਂਬਰਾਂ ਵਲੋਂ ਇਸ ਜੰਗਲ ਦੇ ਪ੍ਰਸਾਰ ਲਈ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ ਉਥੇ ਨਵਾਂਸ਼ਹਿਰ ਦੀਆਂ ਸਮਾਜ ਸੇਵੀ ਜਥੇਬੰਦੀਆਂ ਵਲੋਂ ਇਸ ਸੇਵਾ ਪ੍ਰਤੀ ਪਾਏ ਜਾ ਯੋਗਦਾਨ ਲਈ ਵਿਸ਼ੇਸ਼ ਤੌਰ ਤੇ ਸ਼ੁਕਰਾਨਾ ਕੀਤਾ ਗਿਆ।

ਅੱਜ ਬੂਟੇ ਲਗਾਉਣ ਦੀ ਸੇਵਾ ਦੌਰਾਨ ਪਰਮਿੰਦਰ ਸਿੰਘ ਕੰਵਲ, ਜਗਦੀਪ ਸਿੰਘ, ਬਖਸ਼ੀਸ਼ ਸਿੰਘ, ਗਿਆਨ ਸਿੰਘ, ਇੰਦਰਜੀਤ ਸ਼ਰਮਾ, ਰਾਮ ਪਾਲ ਰਾਏ, ਪਰਮਜੀਤ ਸਿੰਘ ਮੂਸਾਪੁਰ, ਡਾ: ਭਗਵਾਨ ਸਿੰਘ, ਕੁਲਜੀਤ ਸਿੰਘ ਖਾਲਸਾ, ਕੁਲਵਿੰਦਰ ਸਿੰਘ, ਗੁਰਚਰਨ ਸਿੰਘ ਪਾਬਲਾ, ਦਲਜੀਤ ਸਿੰਘ ਬਡਵਾਲ ਮਨਮੋਹਨ ਸਿੰਘ ਕੰਵਲ, ਸੋਹਣ ਸਿੰਘ, ਅਤੇ ਹੋਰ ਮੈਂਬਰ ਵੀ ਮੌਜੂਦ ਸਨ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਪੱਕੇ ਮੋਰਚੇ ਦੀ ਸਮਾਪਤੀ ਤੇ ਅਗਲੇ ਪ੍ਰੋਗਰਾਮ ਦਾ ਐਲਾਨ

ਪਟਿਆਲਾ, 14 ਸਤੰਬਰ
(ਪੈ.ਗਾਮ-ਏ-ਜਗਤ)

ਭਾਰਤੀ ਕਿਸਾਨ ਯੂਨੀਅਨ (ਏਕਤਾ—ਉਗਰਾਹਾਂ) ਜਿਲਾ ਪਟਿਆਲਾ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਦੇ ਦਫਤਰ ਅੱਗੇ ਵੱਡਾ ਇਕੱਠ ਕਰਕੇ ਪੱਕੇ ਮੋਰਚੇ ਦੀ ਸਮਾਪਤੀ ਕੀਤੀ ਗਈ ਅਤੇ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਿਲੇ ਦੇ ਜਨਰਲ ਸਕੱਤਰ ਸੁਖਮਿੰਦਰ ਸਿੰਘ ਬਾਰਨ ਨੇ ਦੱਸਿਆ ਕਿ ਮਿਤੀ 11—09—2026 ਤੇ ਅੱਜ ਮਿਤੀ 14—09—2026 ਨੂੰ ਜਿਲੇ ਦੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਹੋਈਆਂ ਮੀਟਿੰਗਾਂ ਵਿੱਚ ਜਿਲੇ ਨਾਲ ਸਬੰਧਤ ਕਈ ਮੰਗਾਂ ਦਾ ਨਿਪਟਾਰਾ ਕੀਤਾ ਗਿਆ। ਜਿਲੇ ਦੇ ਐਸ.ਐਸ.ਪੀ. ਹਰਮਨਦੀਪ ਹਾਂਸ



ਵਲੋਂ ਕਿਸਾਨਾਂ ਤੇ ਵੱਖ—ਵੱਖ ਸਮੇਂ ਦਰਜ ਕੀਤੇ ਪਰਚਿਆਂ ਨੂੰ ਵਾਪਸ ਲੈਣ ਦਾ ਭਰੋਸਾ ਦਿਵਾਇਆ। ਇਸੇ ਤਰ੍ਹਾਂ ਡਿਪਟੀ ਕਮਿਸ਼ਨਰ ਦੀ ਹਾਜਰੀ ਵਿੱਚ ਏ.ਡੀ.ਸੀ. ਮੈਡਮ ਅਨੁਪਰਿਤਾ ਜ਼ੋਹਲ ਨੇ ਧਰਨੇ ਵਿੱਚ ਆਕੇ ਜਿੱਲੇ ਨਾਲ ਸਬੰਧਤ ਮੰਗਾਂ ਦੇ ਹੱਲ ਲਈ 10 ਦਿਨਾਂ ਦਾ ਸਮਾਂ ਦਿੱਤਾ। ਜਿਲਾ ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਛੰਨਾ, ਬਲਰਾਜ ਜ਼ੋਸ਼ੀ, ਜਗਮੇਲ ਸਿੰਘ ਗਾਜੇਵਾਸ, ਅਵਤਾਰ ਸਿੰਘ ਬੁਰੜ੍ਹ, ਮੱਖਣ ਸਿੰਘ ਕਲਵਾਣੂ, ਭਰਪੂਰ ਸਿੰਘ ਰਾਜੇਵਾਸ, ਵਰਿੰਦਰ ਸਿੰਘ ਕਕਰਾਲਾ, ਜ਼ਸਵਿੰਦਰ ਸਿੰਘ ਸਾਲੂਵਾਲ, ਅਵਤਾਰ ਸਿੰਘ ਫੱਗਣਮਾਜਰਾ, ਗੁਰਵੀਰ ਸਿੰਘ ਨੰਦਪੁਰ ਕੇਸ਼ੋ, ਗੁਰਦੀਪ ਸਿੰਘ ਸਨੌਰ, ਹਰਦੀਪ ਸਿੰਘ ਡਰੌਲੀ, ਪ੍ਰੇਮ ਲਲੋਛੀ, ਦਵਿੰਦਰ ਸਿੰਘ ਸੀਲ, ਗੁਰਮੀਤ ਸਿੰਘ ਚਮਾਰੂ, ਬਲਜੀਤ ਸਿੰਘ ਕਲ੍ਹੇ ਮਾਜਰਾ ਨੇ ਵਿਚਾਰ ਪੇਸ਼ ਕੀਤੇ। ਅਗਲੇ ਪ੍ਰੋਗਰਾਮ ਦਾ ਐਲਾਨ ਵਿੱਚ ਮਿਤੀ 24—09—2026 ਨੂੰ ਡਿਪਟੀ ਕਮਿਸ਼ਨਰ ਪਟਿਆਲਾ ਦਾ ਮੁਕੰਮਲ ਘਿਰਾਓ ਕਰਨ ਦਾ ਐਲਾਨ ਕੀਤਾ। ਬੁਲਾਰਿਆਂ ਨੇ ਪੰਜਾਬ ਸਰਕਾਰ ਤੇ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹੋਏ ਮੰਗ ਕੀਤੀ ਕਿ ਭਾਰਤ—ਅਮਰੀਕਾ ਵਪਾਰ ਸਮਝੌਤਾ ਰੱਦ ਕੀਤਾ ਜਾਵੇ, ਕਿਸਾਨ ਮਜਦੂਰਾਂ ਦੇ ਕਰਜੇ ਮੁਆਫ ਕੀਤੇ ਜਾਣ, ਅਬਾਦਕਾਰਾਂ ਦੇ ਮਾਲਕੀ ਹੱਕ ਬਹਾਲ ਕੀਤੇ ਜਾਣ, ਐਮ.ਐਸ.ਪੀ. ਦੀ ਗਰੰਟੀ ਕਾਨੂੰਨ ਲਾਗੂ ਕੀਤਾ ਜਾਵੇ ਤੇ ਜਨਤਕ ਵੰਡ ਪ੍ਰਣਾਲੀ ਲਾਗੂ ਕੀਤੀ ਜਾਵੇ।

ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ: 49 ਸਰਕਲ ਪਟਿਆਲਾ ਦੇ ਸੁਖਦੇਵ ਸਿੰਘ ਚੁਣੇ ਗਏ ਪ੍ਰਧਾਨ

ਪਟਿਆਲਾ, 14 ਸਤੰਬਰ
(ਪੈ.ਗਾਮ-ਏ-ਜਗਤ)

ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ: 49 ਸਰਕਲ ਪਟਿਆਲਾ ਕਮੇਟੀ ਦੀ ਚੋਣ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਢਿੱਲੋਂ ਜੀ ਦੀ ਅਗਵਾਈ ਹੇਠ ਹੋਈ , ਜਿਸ ਵਿੱਚ ਪ੍ਰਧਾਨ ਸੁਖਦੇਵ ਸਿੰਘ ਰਾਠੌਰ, ਸੀਨੀਅਰ ਮੀਤ ਪ੍ਰਧਾਨ ਯਾਦਵਿੰਦਰ ਸਿੰਘ ਸਮਾਣਾ, ਮੀਤ ਪ੍ਰਧਾਨ ਉੱਤਮ ਸਿੰਘ ਨਾਭਾ, ਸਕੱਤਰ ਸੰਗਤ ਸਿੰਘ ਘਨੌਰ, ਸਹਾਇਕ ਸਕੱਤਰ ਸੁਖਵਿੰਦਰ ਸਿੰਘ, ਕੈਸ਼ੀਅਰ ਕੁਲਵਿੰਦਰ ਸਿੰਘ ਪਟਿਆਲਾ, ਪ੍ਰੈਸ ਸਕੱਤਰ ਗੁਰਵਿੰਦਰ ਸਿੰਘ ਸਮਾਣਾ ਦੀ ਨਵੀਂ ਚੁਣੀ ਗਈ ਕਮੇਟੀ, ਚੋਣ ਅਜਲਾਸ



ਵਿਚ ਸਰਕਲ ਪਟਿਆਲਾ ਦੇ ਅੰਦਰ ਆਉਦੀਆ ਸਮੂਹ ਡਵੀਜਨਾਂ ਸਬ ਡਵੀਜ਼ਨਾ ਦੇ ਪ੍ਰਧਾਨ ਸਕੱਤਰਾ ਨੇ ਹਿੱਸਾ ਲਿਆ ਅਤੇ ਸਾਰੇ ਪ੍ਰਧਾਨ ਸਕੱਤਰਾ ਨੇ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸਿਧਾਂਤਾ ਅਨੁਸਾਰ ਜਥੇਬੰਦੀ ਦੇ ਹਰ ਇਕ ਮੈਂਬਰ ਨੂੰ ਆਪੋ ਆਪਣੇ ਵਿਚਾਰ ਸਾਂਝੇ ਕਰਨ ਦਾ ਪੂਰਾ ਅਧਿਕਾਰ ਹੈ ਜਿਸ ਸਦਕਾ ਹਰ ਇਕ ਪ੍ਰਧਾਨ ਸਕੱਤਰ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ, ਚੋਣ ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ:49 ਦੇ ਸਿਧਾਂਤਾਂ ਅਨੁਸਾਰ ਬਹੁਤ ਹੀ ਵਧੀਆ ਢੰਗ ਨਾਲ ਹੋਈ , ਨਵੀਂ ਚੁਣੀ ਗਈ ਕਮੇਟੀ ਵੱਲੋਂ ਵਿਸ਼ਵਾਸ਼ ਦਵਾਇਆ ਗਿਆ ਕਿ ਜਥਬੰਦੀ ਦੇ ਸਿਧਾਂਤਾਂ ਮੁਤਾਬਿਕ ਜਥੇਬੰਦੀ ਵਿੱਚ ਮੇਹਨਤ ਅਤੇ ਲਗਨ ਨਾਲ ਕੰਮ ਕਰਨਗੇ ਅਤੇ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਹਰ ਇਕ ਮੈਂਬਰ ਨਾਲ ਕਮੇਟੀ ਹਰ ਵੇਲੇ ਨਾਲ ਖੜੀ ਹੈ, ਚੋਣ ਅਜਲਾਸ ਵਿਚ ਕੁਲਵਿੰਦਰ ਸਿੰਘ ਢਿੱਲੋਂ ਸੂਬਾ ਪ੍ਰਧਾਨ, ਪਰਦੀਪ ਕੁਮਾਰ ਸੂਬਾ ਕੈਸ਼ੀਅਰ, ਦੱਖਣ ਜੌਨ ਪ੍ਰਧਾਨ ਕੁਲਦੀਪ ਸਿੰਘ ਚੌਹਾਨ, ਮੀਤ ਪ੍ਰਧਾਨ ਰਾਜਵੀਰ ਸਿੰਘ, ਸੰਤ ਰਾਮ ਚੀਮਾਂ ਆਗੂ ਪੇਨਸ਼ਨਰ ਐਸੋਸੀਏਸ਼ਨ ਪੰਜਾਬ, ਪ੍ਰਬੋਧ ਕੌਸ਼ਲ, ਸਾਬਕਾ ਸਕੱਤਰ ਦੱਖਣ ਜੌਨ, ਰਾਮ ਚੰਦ ਸਾਬਕਾ ਪ੍ਰਧਾਨ ਸਰਕਲ ਪਟਿਆਲਾ, ਕ੍ਰਿਸ਼ਨ ਦੇਵ ਸਿੰਘ ਸਾਬਕਾ ਸੂਬਾ ਸਕੱਤਰ, ਰਘਵਿੰਦਰ ਸਿੰਘ ਸਾਬਕਾ ਸੂਬਾ ਆਗੂ ਅਤੇ ਇਸ ਤੋਂ ਇਲਾਵਾ ਸਰਕਲ ਪਟਿਆਲਾ ਦੀਆ ਸਮੂਹ ਡਵੀਜ਼ਨਾ ਅਤੇ ਸਬ ਡਵੀਜ਼ਨਾ ਦੇ ਪ੍ਰਧਾਨ ਅਤੇ ਸਕੱਤਰ ਹਾਜ਼ਿਰ ਸਨ।

ਨਵੀਨੀਕਰਨ ਕੀਤੇ ਐਂਗਲੋ-ਸਿੱਖ ਯੁੱਧ ਅਜ਼ਾਇਬਘਰ ਦਾ ਉਦਘਾਟਨ

ਪੈ.ਗਾਮ-ਏ-ਜਗਤ/ਫ਼ਿਰੋਜ਼ਪੁਰ
14 ਸਤੰਬਰ (ਗੁਰਮੇਜ ਸਿੰਘ)

ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰ ਮਾਮਲੇ, ਕਿਰਤ, ਮਹਿਮਾਨ ਨਿਵਾਜ਼ੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਬਿਜਲੀ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਵੱਲੋਂ ਫਿਰੋਜ਼ਸ਼ਾਹ ਵਿਖੇ ਨਵੀਨੀਕਰਨ ਕੀਤੇ ਐਂਗਲੋ—ਸਿੱਖ ਯੁੱਧ ਅਜਾਇਬਘਰ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਕਿਹਾ ਕਿ ਫਿਰੋਜ਼ਸ਼ਾਹ ਦੀ ਇਤਿਹਾਸਕ ਧਰਤੀ ਸਿੱਖ ਫ਼ੌਜ ਦੀ ਬਹਾਦਰੀ, ਸੂਰਬੀਰਤਾ ਅਤੇ ਕੁਰਬਾਨੀ ਦੀ ਗਵਾਹ ਹੈ। ਇਹ ਅਜਾਇਬਘਰ 1845–46 ਅਤੇ 1848–49 ਦੇ ਐਂਗਲੋ–ਸਿੱਖ ਯੁੱਧਾਂ ਦੇ ਸੂਰਬੀਰਾਂ ਦੀ ਯਾਦ ਨੂੰ ਸਮਰਪਿਤ ਹੈ।

ਮੰਤਰੀ ਨੇ ਦੱਸਿਆ ਕਿ ਇਸ ਸਮਾਰਕ ਦੀ ਸਥਾਪਨਾ ਤੋਂ ਲਗਭਗ 50 ਸਾਲ ਬਾਅਦ ਪੰਜਾਬ ਸਰਕਾਰ ਵੱਲੋਂ ਕਰੀਬ 10 ਕਰੋੜ ਰੁਪਏ ਦੀ ਲਾਗਤ ਨਾਲ ਇਸ ਦਾ ਨਵੀਨੀਕਰਨ ਕੀਤਾ ਗਿਆ ਹੈ।



ਨਵੇਂ ਰੂਪ ਵਿੱਚ ਕਲਾ, ਰੌਸ਼ਨੀ, ਆਵਾਜ਼ ਅਤੇ ਡਿਜੀਟਲ ਤਕਨਾਲੋਜੀ ਦਾ ਸੁਮੇਲ ਕਰਕੇ ਇਤਿਹਾਸ ਨੂੰ ਆਧੁਨਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਅਜਾਇਬਘਰ ਦੀਆਂ ਤਿੰਨ ਮੰਜ਼ਿਲਾਂ ਨੂੰ ਲਗਾਤਾਰ ਇਤਿਹਾਸਕ ਯਾਤਰਾ ਦੇ ਰੂਪ ਵਿੱਚ ਤਿਆਰ ਕੀਤਾ ਗਿਆ ਹੈ। 'ਉਭਾਰ' ਭਾਗ ਵਿੱਚ ਸਿੱਖ ਰਾਜ, ਮਹਾਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਉਭਾਰ ਨੂੰ ਦਰਸਾਇਆ ਗਿਆ ਹੈ, ਜਦਕਿ 'ਸੰਘਰਸ਼' ਵਿੱਚ ਐਂਗਲੋ–ਸਿੱਖ ਯੁੱਧਾਂ ਅਤੇ 'ਵਿਰਾਸਤ' ਵਿੱਚ ਇਨ੍ਹਾਂ ਦੇ ਇਤਿਹਾਸਕ ਪ੍ਰਭਾਵ ਨੂੰ ਦਰਸਾਇਆ ਗਿਆ ਹੈ।

ਗਰਾਊਂਡ ਫਲੋਰ 'ਤੇ ਤਿੰਨ–ਪੱਖੀ ਇਤਿਹਾਸਕ ਨਕਸ਼ਿਆਂ ਅਤੇ ਪ੍ਰੋਜੈਕਸ਼ਨ ਰਾਹੀਂ ਉਸ ਸਮੇਂ ਦੇ ਰਾਜਨੀਤਿਕ ਹਾਲਾਤ ਪੇਸ਼ ਕੀਤੇ ਗਏ ਹਨ। ਮੁੱਦਕੀ, ਫਿਰੋਜ਼ਸ਼ਾਹ, ਸਭਰਾਉਂ ਅਤੇ ਚੇਲਿਆਂਵਾਲੀ ਦੀਆਂ ਲੜਾਈਆਂ ਨੂੰ ਭਿੱਤੀ–ਚਿੱਤਰਾਂ, ਐਨੀਮੇਟਿਡ ਨਕਸ਼ਿਆਂ ਅਤੇ ਆਡੀਓ–ਵਿਜ਼ੂਅਲ ਪੇਸ਼ਕਾਰੀਆਂ ਰਾਹੀਂ ਦਰਸਾਇਆ ਗਿਆ ਹੈ। ਪ੍ਰਸਿੱਧ ਚਿੱਤਰਕਾਰ ਕਿਰਪਾਲ ਸਿੰਘ ਦੇ ਚਾਰ ਇਤਿਹਾਸਕ ਚਿੱਤਰਾਂ ਤੋਂ ਇਲਾਵਾ ਸ਼ਾਹ ਮੁਹੰਮਦ ਦੀਆਂ ਰਚਨਾਵਾਂ ਅਤੇ ਕੰਨਿਘਮਜ਼ ਹਿਸਟਰੀ ਆਫ਼ ਦ ਸਿੱਖਜ਼ ਵਰਗੇ ਇਤਿਹਾਸਕ ਹਵਾਲਿਆਂ ਨੂੰ ਵੀ ਪੇਸ਼ਕਾਰੀ ਦਾ ਹਿੱਸਾ ਬਣਾਇਆ ਗਿਆ ਹੈ। ਟੱਚ ਪੈਨਲ, ਜਾਣਕਾਰੀ ਕਿਓਸਕ ਅਤੇ ਡਿਜੀਟਲ ਡਿਸਪਲੇਅ ਰਾਹੀਂ ਜਾਣਕਾਰੀ ਨੂੰ ਹੋਰ ਰੁਚਿਕਰ ਬਣਾਇਆ ਗਿਆ ਹੈ।

ਸੌਂਦ ਨੇ ਨੌਜਵਾਨਾਂ ਅਤੇ ਜਨਰੇਸ਼ਨ–ਜ਼ੈਡ ਨੂੰ ਅਜਾਇਬਘਰ ਦਾ ਦੌਰਾ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਤਿਹਾਸ ਨੂੰ ਕਿਤਾਬਾਂ ਤੋਂ ਇਲਾਵਾ ਇਤਿਹਾਸਕ ਧਰਤੀ 'ਤੇ ਪਹੁੰਚ ਕੇ ਜਾਣਨਾ ਅਤੇ ਉਸ ਤੋਂ ਪ੍ਰੇਰਨਾ ਲੈਣਾ ਜ਼ਰੂਰੀ ਹੈ। ਇਸ ਮੌਕੇ ਵਿਧਾਇਕ ਰਜਨੀਸ਼ ਦਹੀਯਾ, ਰਣਬੀਰ ਸਿੰਘ ਭੁੱਲਰ, ਫੌਜਾ ਸਿੰਘ ਸਰਾਰੀ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਡਾਇਰੈਕਟਰ ਸੈਰ ਸਪਾਟਾ ਸੰਜੀਵ ਕੁਮਾਰ ਤਿਵਾੜੀ, ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

ਪ੍ਰਿੰ. ਬਹਾਦਰ ਸਿੰਘ ਗੋਸਲ ਦੀ ਅੰਗਰੇਜ਼ੀ ਪੁਸਤਕ 'ਦੀ ਵਿਸਡਮ ਨੈਸਟ' ਦਾ ਲੋਕ ਅਰਪਣ

ਚੰਡੀਗੜ੍ਹ
(ਪੈ.ਗਾਮ-ਏ-ਜਗਤ)

ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਸੰਗੀਤਾ ਸਾਹਿਤਯ ਸੰਗਮ ਦੇ ਸਹਿਯੋਗ ਨਾਲ ਪ੍ਰਿੰ. ਬਹਾਦਰ ਸਿੰਘ ਗੋਸਲ ਦੀ ਚਰਚਿਤ ਬਾਲ ਪੁਸਤਕ 'ਦੀਪੀ ਗੁੱਠਲੀ ਵਾਲਾ' ਦੇ ਅੰਗਰੇਜ਼ੀ ਅਨੁਵਾਦ 'ਦੀ ਵਿਸਡਮ ਨੈਸਟ' ਦਾ ਲੋਕ ਅਰਪਣ ਸੈਕਟਰ 38 ਸੀ, ਚੰਡੀਗੜ੍ਹ ਵਿਖੇ ਡਾ. ਸੰਗੀਤਾ ਸ਼ਰਮਾ ਕੁੰਦਰਾ ਦੇ ਗ੍ਰਹਿ ਵਿਖੇ ਕਰਵਾਇਆ ਗਿਆ। ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਡਾ. ਸੰਗੀਤਾ ਸ਼ਰਮਾ ਕੁੰਦਰਾ ਨੇ ਕੀਤਾ ਹੈ।

ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਅੰਗਰੇਜ਼ੀ ਸਾਹਿਤਕਾਰ ਸਮਸ ਤਬਰੇਜੀ ਨੇ ਕੀਤੀ, ਜਦਕਿ ਸ੍ਰੀ ਪ੍ਰੇਮ ਵਿਜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਪ੍ਰਿੰ. ਬਹਾਦਰ ਸਿੰਘ ਗੋਸਲ, ਡਾ. ਸੰਗੀਤਾ ਕੁੰਦਰਾ ਅਤੇ ਪ੍ਰਸਿੱਧ ਪੱਤਰਕਾਰ ਡਾ. ਵਿਨੋਦ ਸ਼ਰਮਾ



ਸ਼ਾਮਲ ਸਨ। ਡਾ. ਕੁੰਦਰਾ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਪੁਸਤਕ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਪ੍ਰਿੰ. ਗੋਸਲ ਨੇ ਬੱਚਿਆਂ ਲਈ ਪੁਸਤਕ ਦੀ ਮਹੱਤਤਾ ਬਾਰੇ ਦੱਸਦਿਆਂ ਇਸ ਨੂੰ ਹੋਰ ਭਾਸ਼ਾਵਾਂ ਵਿੱਚ ਪਹੁੰਚਾਉਣ ਲਈ ਡਾ. ਕੁੰਦਰਾ ਅਤੇ ਸ੍ਰੀ ਪ੍ਰੇਮ ਵਿਜ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿੱਚ ਉਨ੍ਹਾਂ ਦੀਆਂ ਪੰਜਾਬੀ ਬਾਲ ਪੁਸਤਕਾਂ ਦੀ ਅੰਗਰੇਜ਼ੀ ਅਤੇ ਹਿੰਦੀ ਵਿੱਚ ਵੀ ਮੰਗ ਹੈ। ਲੋਕ ਅਰਪਣ ਤੋਂ ਬਾਅਦ ਡਾ. ਵਿਨੋਦ ਸ਼ਰਮਾ ਨੇ ਪੁਸਤਕ 'ਤੇ ਵਿਸਥਾਰਪੂਰਵਕ ਪਰਚਾ ਪੜ੍ਹਦਿਆਂ ਇਸ ਦੀਆਂ ਕਹਾਣੀਆਂ ਨੂੰ ਬੱਚਿਆਂ ਲਈ ਦਿਲਚਸਪ ਅਤੇ ਹਰਮਨਪਿਆਰੀ ਦੱਸਿਆ। ਪੁਸਤਕ 'ਤੇ ਵਿਚਾਰ–ਚਰਚਾ ਵਿੱਚ ਸ੍ਰੀ ਪ੍ਰੇਮ ਵਿਜ, ਸਮਸ ਤਬਰੇਜੀ, ਡਾ. ਕੁੰਦਰਾ ਅਤੇ ਸਰਬਜੀਤ ਸਿੰਘ ਨੇ ਭਾਗ ਲਿਆ। ਇਸ ਮੌਕੇ ਕਰਵਾਏ ਕਵੀ ਦਰਬਾਰ ਦੀ ਸ਼ੁਰੂਆਤ ਜਗਤਾਰ ਸਿੰਘ ਜੋਗ ਨੇ ਪ੍ਰਿੰ. ਗੋਸਲ ਦੇ ਗੀਤ 'ਪੱਟਤੇ, ਪੱਟਤੇ, ਪੱਟਤੇ, ਵੀਰਨਾ' ਅਤੇ 'ਅਗਨੀਵੀਰ ਨੂੰ ਰੱਖੜੀ' ਗਾ ਕੇ ਕੀਤੀ, ਜਿਨ੍ਹਾਂ ਨੂੰ ਸਾਹਿਤਕਾਰਾਂ ਨੇ ਖ਼ੂਬ ਸਰਾਹਿਆ। ਕਵੀ ਦਰਬਾਰ ਵਿੱਚ ਬਾਬੂ ਰਾਮ ਦੀਵਾਨਾ, ਧਿਆਨ ਸਿੰਘ ਕਾਹਲੋਂ, ਸਰਬਜੀਤ ਸਿੰਘ ਪੱਡਾ, ਪ੍ਰਿੰ. ਬਹਾਦਰ ਸਿੰਘ ਗੋਸਲ, ਡਾ. ਕੁੰਦਰਾ, ਪ੍ਰੇਮ ਵਿਜ, ਸਮਸ ਤਬਰੇਜੀ, ਬਲਵਿੰਦਰ ਸਿੰਘ, ਡਾ. ਵਿਨੋਦ ਸ਼ਰਮਾ, ਜਗਤਾਰ ਸਿੰਘ ਜੋਗ, ਰਾਜੇਸ਼ ਸ਼ਰਮਾ ਅਤੇ ਬੱਚੀ ਕਿਮਾਇਆ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅੰਤ ਵਿੱਚ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਵੱਲੋਂ ਡਾ. ਕੁੰਦਰਾ, ਪ੍ਰੇਮ ਵਿਜ, ਡਾ. ਵਿਨੋਦ ਸ਼ਰਮਾ, ਸਮਸ ਤਬਰੇਜੀ ਅਤੇ ਹੋਰ ਸਾਹਿਤਕਾਰਾਂ ਨੂੰ ਸ਼ਾਲ, ਗੋਲਡ ਮੈਡਲ ਅਤੇ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸੰਗੀਤਾ ਸਾਹਿਤਯ ਸੰਗਮ ਵੱਲੋਂ ਪ੍ਰਿੰ. ਬਹਾਦਰ ਸਿੰਘ ਗੋਸਲ ਨੂੰ 125 ਪੁਸਤਕਾਂ ਲਿਖਣ ਲਈ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਡਾ. ਕੁੰਦਰਾ ਨੇ ਕੀਤਾ ਅਤੇ ਅੰਤ ਵਿੱਚ ਅਸ਼ਵਨੀ ਕੁਮਾਰ ਕੁੰਦਰਾ ਨੇ ਧੰਨਵਾਦ ਕੀਤਾ।

ਖੇਤੀ ਮੰਤਰੀ ਦੇ ਘਰ ਅੱਗੇ ਲੱਗੇ ਧਰਨੇ 'ਚ 16 ਸਤੰਬਰ ਨੂੰ ਜਾਵੇਗਾ ਵੱਡਾ ਕਾਫਲਾ : ਸਿੱਧੂ

ਪੈ.ਗਾਮ-ਏ-ਜਗਤ/ਮਮਦੋਟ/ਫ਼ਿਰੋਜ਼ਪੁਰ
14, ਸਤੰਬਰ (ਗੁਰਮੇਜ ਸਿੰਘ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਆਗੂ ਧਰਮ ਸਿੰਘ ਸਿੱਧੂ ਅਤੇ ਗੁਰਭੇਜ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਸਿੰਘ ਸਭਾ ਵਿਖੇ 30–35 ਪਿੰਡਾਂ ਦੇ ਕਿਸਾਨ–ਮਜ਼ਦੂਰ ਆਗੂਆਂ ਦੀ ਭਰਵੀਂ ਮੀਟਿੰਗ ਹੋਈ। ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈੱਸ ਨੂੰ ਦੱਸਦੇ ਹੋਏ ਮੇਜਰ ਸਿੰਘ ਨੇ ਆਖਿਆ ਕਿ ਕਿਸਾਨਾਂ–ਮਜ਼ਦੂਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਅੱਜ ਤੋਂ ਖੇਤੀ



ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਅੱਗੇ ਜੋ KMM ਦਾ ਧਰਨਾ ਸ਼ੁਰੂ ਹੋਇਆ ਹੈ ਉਸ ਧਰਨੇ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ। ਕਿਸਾਨ ਆਗੂ ਨੇ ਆਖਿਆ ਕਿ ਮਿਤੀ 16 ਸਤੰਬਰਨੂੰ ਗੁਰਦੁਆਰਾ ਸਾਹਿਬ ਹਰੇ ਤੋਂ ਸੈਂਕੜੇ ਟਰੈਕਟਰ–ਟਰਾਲੀਆਂ, ਕਾਰਾਂ, ਜੀਪਾਂ ਆਦਿ ਦਾ ਕਾਫਲਾ ਖੁੱਡੀਆਂ ਪਿੰਡ ਵੱਲ ਕੂਚ ਕਰੇਗਾ। ਇਹ ਧਰਨਾ–ਪ੍ਰਦਰਸ਼ਨ ਮਜ਼ਦੂਰਾਂ ਦੀ ਕਰਜ਼ ਮੁਆਫੀ, ਜੀਰੀ ਖਰੀਦ ਘੁਟਾਲੇ ਤੇ ਜਾਂਚ, ਰਹਿੰਦੀ ਫਸਲ ਦੀ ਭਰਪਾਈ, ਨਰੇਗਾ 700/– ਪ੍ਰਤੀ ਦਿਹਾੜੀ, ਤਿੰਨ ਖੇਤੀ ਕਾਨੂੰਨ 2025 ਵਿਰੁੱਧ ਸਖਤ ਰੁਖ ਆਦਿ ਮੰਗਾਂ ਦੀ ਪ੍ਰਾਪਤੀ ਲਈ ਲੱਗਿਆ ਹੈ। ਇਸ ਮੌਕੇ ਛੁੰਮਣ ਸਿੰਘ, ਕਿਸ਼ਨ ਸਿੰਘ, ਬਲਵੀਰ ਸਿੰਘ, ਅਵਤਾਰ ਸਿੰਘ, ਜੱਗਾ ਸਿੰਘ, ਅਜਾਇਬ ਸਿੰਘ, ਬਾਜ ਸਿੰਘ, ਕਪੂਰ ਸਿੰਘ, ਸੁਖਦੇਵ ਸਿੰਘ, ਗੁਰਦੀਪ ਸਿੰਘ ਆਦਿ ਹਾਜ਼ਰ ਸਨ।

ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਜੰਗੀਰ ਸਿੰਘ ਦਿਲਬਰ ਦੇ ਕਾਵਿ ਸੰਗ੍ਰਹਿ ਦਰਦ ਦਾ ਦਰਿਆ ਤੇ ਕਰਵਾਈ ਗੋਸ਼ਟੀ

ਪੈ.ਗਾਮ-ਏ-ਜਗਤ
ਬਰਨਾਲਾ (ਚੰਡਿਹੋਕ)

ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈਟੀਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਜੰਗੀਰ ਸਿੰਘ ਦਿਲਬਰ ਦੇ ਕਾਵਿ ਸੰਗ੍ਰਹਿ ਦਰਦ ਦਾ ਦਰਿਆ ਉੱਪਰ ਗੋਸ਼ਟੀ ਕਰਵਾਈ ਗਈ। ਸੁਖਦੇਵ ਸਿੰਘ ਹਠੂਰੀਆ ਦੇ ਕਾਵਿ ਸੰਗ੍ਰਹਿ ਅਜੇ ਚਾਨਣ

• ਸੁਖਦੇਵ ਸਿੰਘ ਹਠੂਰੀਆ ਦੇ ਕਾਵਿ ਸੰਗ੍ਰਹਿ ਅਜੇ ਚਾਨਣ ਕੁਝ ਬਾਕੀ ਏ ਦਾ ਕੀਤਾ ਲੋਕ ਅਰਪਣ

ਕੁਝ ਬਾਕੀ ਏ ਦਾ ਲੋਕ ਅਰਪਣ ਕੀਤਾ ਗਿਆ। ਦਰਦ ਦਾ ਦਰਿਆ ਉੱਪਰ ਪਰਚਾ ਪੜਦਿਆਂ ਡਾ ਸੁਰਜੀਤ ਬਰਾੜ ਨੇ ਕਿਹਾ ਕਿ ਦਿਲਬਰ ਦੀ ਕਵਿਤਾ ਪਿਆਰ ਅਨੁਭਵ ਦੀ ਕਵਿਤਾ ਹੈ ਇਸ ਵਿੱਚ ਬਿਰਹਾ ਦੀ ਪੀੜ ਵੀ ਹੈ ।ਕਾਵਿਕਤਾ ਸੋਹਜ ਅਤੇ ਸੂਖਮਤਾ ਇਸਦੇ ਮਿਆਰੀ ਗੁਣ ਹਨ ਇਸ ਕਵਿਤਾ ਵਿੱਚ ਲੈਆਤਮਿਕਤਾ ਤੇ ਸੁਰਾਤਮਿਕਤਾ ਦੇ ਨਾਲ ਨਾਲ ਵਿਸ਼ੇ ਪੱਖ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ।



ਡਾ. ਰਾਮਪਾਲ ਸਿੰਘ ਸ਼ਾਹਪੁਰੀ ਨੇ ਕਿਹਾ ਕਿ ਦਿਲਬਰ ਦੀ ਕਵਿਤਾ ਸਮਾਜਿਕ ਯਥਾਰਥ ਦੇ ਨੇੜੇ ਹੋਣ ਕਰਕੇ ਵਿਚਾਰਧਾਰਕ ਤੇ ਕਲਾਤਮਿਕ ਮਾਪਦੰਡਾ ਤੇ ਪੂਰੀ ਉਤਰਦੀ ਹੈ। ਤੇਜਾ ਸਿੰਘ ਤਿਲਕ ਨੇ ਕਿਹਾ ਜਿਸ ਤਰ੍ਹਾ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸਾਰਥਕ ਸੁਨੇਹਾ ਦਿੰਦਾ ਹੈ ਇਸੇ ਤਰ੍ਹਾਂ ਸੁਖਦੇਵ ਨੇ ਆਪਣੀ ਕਵਿਤਾ ਵਿੱਚ ਸਮਾਜ ਨੂੰ ਸਾਰਥਿਕ ਸੁਨੇਹੇ ਦਿੱਤੇ ਹਨ। ਇਸ ਮੌਕੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਦੀ ਕਾਵਿ ਪੁਸਤਕ ਗਾਹੇ ਬਗਾਹੇ ਕਦੇ ਕਦਾਈਂ ਨੂੰ ਵੀ ਲੋਕ ਅਰਪਣ ਕੀਤਾ ਗਿਆ। ਜੁਗਰਾਜ ਧੌਲਾ ਡਾ ਸੁਰਿੰਦਰ ਭੱਠਲ ਡਾ ਅਮਨਦੀਪ ਸਿੰਘ ਟੱਲੇਵਾਲੀਆ ਹਾਕਮ ਸਿੰਘ ਰੂੜਕੇ ਪ੍ਰਿਤਪਾਲ ਸਿੰਘ ਜਗਰਾਉਂ ਅਤੇ ਸਰਬਜੀਤ ਸਿੰਘ ਮੱਲਾ ਨੇ ਵੀ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਪਰਮਜੀਤ ਸਿੰਘ ਰਾਜਗੜ੍ਹ ਰਜਿੰਦਰ ਸਿੰਘ ਰਾਜਨ ਰਾਮ ਸਰੂਪ ਸ਼ਰਮਾ ਜਗਤਾਰ ਸਿੰਘ ਬੈਂਸ ਪਵਨ ਕੁਮਾਰ ਹੋਸ਼ੀ ਸਰਬਜੀਤ ਸੰਗਰੂਰਵੀ ਬੰਤ ਸਿੰਘ ਫੂਲਪੁਰੀ ਬੱਲੀ ਈਲਵਾਲ ਸੁਰਜੀਤ ਸਿੰਘ ਦੇਹੜ ਸੁਖਵਿੰਦਰ ਸਿੰਘ ਸਨੇਹ ਤੇਜਿੰਦਰ ਚੰਡਿਹੋਕ ਬਹਾਦਰ ਸਿੰਘ ਧੌਲਾ ਕਰਨਲ ਬਾਬੂ ਸਿੰਘ ਮੋਗਾ ਸਰੂਪ ਚੰਦ ਹਰੀਗੜ੍ਹ ਜਸਕੇਵਲ ਸਿੰਘ ਗੋਲੇਵਾਲੀਆ ਰਮਨ ਧਾਲੀਵਾਲ ਰਜਨੀਸ਼ ਕੌਰ ਬਬਲੀ ਰਾਮ ਸਿੰਘ ਹਠੂਰ ਗੁਰਤੇਜ ਸਿੰਘ ਹਠੂਰ ਕੁਲਵੰਤ ਸਿੰਘ ਧਿੰਗੜ ਰਘਵੀਰ ਸਿੰਘ ਗਿੱਲ ਕੱਟੂ ਮੇਜਰ ਸਿੰਘ ਗਿੱਲ ਸਹੌਰ ਭੋਲਾ ਸਿੰਘ ਸੰਘੇੜਾ ਡਾ ਉਜਾਗਰ ਸਿੰਘ ਮਾਨ ਅਤੇ ਦਵਿੰਦਰ ਸਿੰਘ ਸੰਘੇੜਾ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ।

ਸੱਪ ਦੇ ਡੰਗਣ ਦੀ ਸੂਰਤ ਵਿੱਚ ਘਬਰਾਉਣ ਦੀ ਲੋੜ ਨਹੀਂ, ਇਲਾਜ ਸੰਭਵ : ਡਾ. ਤਪਿੰਦਰਜੋਤ ਸਿਵਲ ਸਰਜਨ ਬਠਿੰਡਾ

ਬਠਿੰਡਾ, 14 ਸਤੰਬਰ
(ਪੈ.ਗਾਮ-ਏ-ਜਗਤ)


ਸਿਹਤ ਵਿਭਾਗ ਬਠਿੰਡਾ ਨੇ ਬਰਸਾਤ ਦੇ ਮੌਸਮ ਦੌਰਾਨ ਸੱਪਾਂ ਦੇ ਡੰਗਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਬਚਾਅ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ ਸਬੰਧੀ ਅਡਵਾਈਜਰੀ ਜਾਰੀ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਤਪਿੰਦਰਜੋਤ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਦੌਰਾਨ ਸੱਪਾਂ ਦੇ ਡੰਗਣ ਦੇ ਮਾਮਲੇ ਆਮ ਹਨ । ਜ਼ਿਲ੍ਹਾ ਸਿਹਤ ਵਿਭਾਗ ਸੱਪਾਂ ਦੇ ਡੰਗਣ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਐਮਰਜੈਂਸੀ ਮੈਡੀਕਲ ਸੇਵਾ ਉਪਲਬੱਧ ਕਰਵਾਉਣ ਲਈ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਦੱਸਿਆ ਕਿ ਸੱਪ ਦੇ ਡੰਗਣ ਤੋਂ ਬਾਅਦ ਪੀੜਤ ਨੂੰ ਗੈਰ–ਸਿੱਖਿਅਤ ਲੋਕਾਂ ਕੋਲ ਜਾਣ ਦੀ ਬਜਾਏ ਸਰਕਾਰੀ ਹਸਪਤਾਲ ਜਾਣਾ ਚਾਹੀਦਾ ਹੈ। ਕਿਸੇ ਵੀ ਡਾਕਟਰੀ ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸੱਪਾਂ ਦੇ ਡੰਗਣ ਦੀ ਸਥਿਤੀ ਵਿੱਚ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ਹੈ,

ਸੱਪ ਦੇ ਕੱਟਣ ਦੀ ਹਾਲਤ ਵਿੱਚ ਤੁਰੰਤ ਕਰਨ ਲਈ ਉਪਾਅ

ਸੱਪ ਦੇ ਡੰਗਣ ਵਾਲੇ ਵਿਅਕਤੀ ਨੂੰ ਹੌਸਲਾ ਦਿਓ, ਕਿਉਂਕਿ 70 ਪ੍ਰਤੀਸਤ ਸੱਪ ਜ਼ਹਿਰੀਲੇ ਨਹੀਂ ਹੁੰਦੇ।

20 ਪ੍ਰਤੀਸ਼ਤ ਡਰਾਈ ਬਾਈਟ ਜਾਣੀ ਮੂੰਹ ਲੱਗਿਆ ਹੁੰਦਾ ਹੈ। ਸਰੀਰ ਵਿੱਚ ਜ਼ਹਿਰ ਨਹੀਂ ਗਿਆ ਹੁੰਦਾ। ਇਸ ਲਈ ਕੋਈ ਖਤਰਾ ਨਹੀਂ।



ਸਿਰਫ 10 ਪ੍ਰਤੀਸ਼ਤ ਸੱਪ ਜ਼ਹਿਰੀਲੇ ਹੁੰਦੇ ਹਨ। ਸੱਪ ਦੇ ਕੱਟਣ ਦੀ ਹਰ ਘਟਨਾ ਵਿੱਚ ਐਂਟੀ ਸਨੇਕ ਟੀਕੇ ਡਾਕਟਰ ਦੀ ਸਲਾਹ ਅਨੁਸਾਰ ਲਗਾਏ ਜਾਣ।

ਸਿਰਫ ਡਰ ਕਾਰਨ ਹੀ ਵਿਅਕਤੀ ਨੂੰ ਘਬਰਾਹਟ,ਦਿਲ ਦੀ ਧੜਕਨ ਤੇਜ਼ ਅਤੇ ਛਾਤੀ ਵਿਚ ਤੇਜ਼ ਦਰਦ ਹੁੰਦਾ ਹੈ ਜਿਸ ਕਾਰਨ ਹਾਰਟ ਅਟੈਕ ਆ ਜਾਂਦਾ ਹੈ ਅਤੇ ਮੌਤ ਵੀ ਹੋ ਸਕਦੀ ਹੈ।

ਜਦੋਂ ਕਿ ਸੱਪ ਦੇ ਡੰਗਣ ਨਾਲ ਵਿਅਕਤੀ ਨੂੰ 4 ਤੋਂ 6 ਘੰਟਿਆਂ ਵਿੱਚ ਹਸਪਤਾਲ ਵਿੱਚ ਐਂਟੀ ਸਨੇਕ ਦੇ ਟੀਕੇ ਲਗਾ ਕੇ ਬਚਾਅ ਹੋ ਜਾਂਦਾ ਹੈ।

ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ

ਵਿਅਕਤੀ ਨੂੰ ਅਰਾਮ ਨਾਲ ਬਿਠਾ ਦਿੱਤਾ ਜਾਵੇ, ਡੰਗਣ ਵਾਲੀ ਜਗ੍ਹਾ ਨੂੰ ਜ਼ਹਿਰ ਚੂਸਣ ਦੀ ਕੋਸ਼ਿਸ਼ ਨਾ ਕੀਤੀ ਜਾਵੇ, ਡੰਗ ਵਾਲੀ ਜਗ?ਹਾ/ਜ਼ਖ਼ਮ ਨੂੰ ਖੁੱਲਾ ਛੱਡ ਦਿੱਤਾ ਜਾਵੇ।

ਜ਼ਹਿਰ ਦੇ ਵਹਾਉ ਨੂੰ ਸਰੀਰ ਵਿੱਚ ਫੈਲਣ ਤੋਂ ਰੋਕਣ ਲਈ ਉਪਰ ਵਾਲੇ ਪਾਸੇ ਤੋਂ ਕੱਪੜੇ ਨਾਲ ਥੋੜੀ ਢਿੱਲਾ ਜਿਹਾ ਬੰਨ ਦਿੱਤਾ ਜਾਵੇ,

ਕੋਈ ਵੀ ਮੂਵਮੇਂਟ ਨਾਂ ਕੀਤੀ ਜਾਵੇ। ਮੂਵਮੇਂਟ ਕਰਨ ਨਾਲ ਜ਼ਹਿਰ ਬਾਕੀ ਸਰੀਰ ਵਿੱਚ ਫੈਲ ਸਕਦੀ ਹੈ ।

ਜ਼ਹਿਰੀਲੇ ਸੱਪ ਆਮ ਤੌਰ ਤੇ ਰਾਤ ਸਮੇਂ ਹਨੇਰੇ ਵਿੱਚ ਕੱਟਦੇ ਹਨ ਇਸ ਲਈ ਰਾਤ ਨੂੰ ਹਨੇਰੇ ਵਿੱਚ ਨੰਗੇ ਪੈਰ ਜਾਣ ਤੋਂ ਪਰਹੇਜ਼ ਕਰੋ।

ਮਨੁੱਖ ਨੂੰ ਸੱਪ ਦੇ ਕੱਟਣ ਉਪਰੰਤ ਘਰੇਲੂ ਓੜਪੋੜ ਕਰਨ ਦੀ ਬਜਾਏ ਨੇੜਲੇ ਸਰਕਾਰੀ ਹਸਪਤਾਲ,ਸਿਹਤ ਟੀਮ ਕੋਲ ਇਲਾਜ ਲਈ ਟੀਕੇ ਲਗਾ ਕੇ ਵਿਅਕਤੀ ਦੀ ਜਾਨ ਬਚਾਈ ਜਾ ਸਕਦੀ ਹੈ।

ਮੈਡੀਕਲ ਕਾਲਜ ,ਜਿਲ੍ਹਾ ਹਸਪਤਾਲ ਅਤੇ ਸਬ ਡਵੀਜ਼ਨਲ ਹਸਪਤਾਲ ਵਿੱਚ ਸੱਪ ਦੇ ਡੰਗ ਵਾਲੇ ਵਿਅਕਤੀਆਂ ਦਾ ਮੁਫ਼ਤ ਇਲਾਜ (ਟੀਕੇ) ਉਪਲੱਬਧ ਹੈ।

ਪੀਜੀਆਈਐਮਈਆਰ ਚੰਡੀਗੜ੍ਹ ਦੇ ਪ੍ਰੋਜੈਕਟ ਸਾਰਥੀ ਨੂੰ ਮਰੀਜ਼ਾਂ ਦੇ ਮਾਰਗਦਰਸ਼ਨ ਅਤੇ ਸੁਰੱਖਿਆ ਲਈ ਰਾਸ਼ਟਰੀ ਸਨਮਾਨ

ਚੰਡੀਗੜ੍ਹ, 14 ਸਤੰਬਰ (ਪੈ.ਗਾਮ-ਏ-ਜਗਤ)

ਪੋਸਟਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈਐਮਈਆਰ), ਚੰਡੀਗੜ੍ਹ ਨੂੰ ਮਰੀਜ਼ਾਂ ਦੇ ਮਾਰਗਦਰਸ਼ਨ ਅਤੇ ਨੇਵੀਗੇਸ਼ਨ ਨਾਲ ਜੁੜੀ ਆਪਣੀ ਮੁੱਖ ਪਹਿਲ

- **ਨਾਗਪੁਰ ਵਿੱਚ ਰਾਸ਼ਟਰੀ ਰੋਗੀ ਸੁਰੱਖਿਆ ਸੰਮੇਲਨ 2026 ਵਿੱਚ 'ਉਤਕ੍ਰਿਸ਼ਟ ਸਰਵੋਤਮ ਪ੍ਰਥਾ' ਵਜੋਂ ਸਨਮਾਨਿਤ**

ਪ੍ਰੋਜੈਕਟ ਸਾਰਥੀ ਲਈ ਰਾਸ਼ਟਰੀ ਪੱਧਰ 'ਤੇ ਸਨਮਾਨ ਪ੍ਰਾਪਤ ਹੋਇਆ ਹੈ। ਇਹ ਸਨਮਾਨ ਰਾਸ਼ਟਰੀ ਰੋਗੀ ਸੁਰੱਖਿਆ ਸੰਮੇਲਨ (ਐਨਪੀਐਸਸੀ) 2026 ਵਿੱਚ ਪ੍ਰਦਾਨ ਕੀਤਾ ਗਿਆ, ਜਿਸ ਦਾ ਆਯੋਜਨ ਏਮਜ਼ ਨਾਗਪੁਰ ਨੇ ਰਾਸ਼ਟਰੀ ਰੋਗੀ ਸੁਰੱਖਿਆ ਸਕੱਤਰੇਤ, ਸਿਹਤ ਸੇਵਾ ਮਹਾਨਿਦੇਸ਼ਾਲਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਭਾਰਤ ਸਰਕਾਰ ਦੇ ਸਹਿਯੋਗ ਨਾਲ ਕੀਤਾ। ਸੰਮੇਲਨ 11-12 ਸਤੰਬਰ, 2026 ਨੂੰ ਆਯੋਜਿਤ ਹੋਇਆ।

ਪ੍ਰੋਜੈਕਟ ਸਾਰਥੀ ਨੂੰ ਰੋਗੀ ਸੁਰੱਖਿਆ ਅਤੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਵਿੱਚ ਉਤਕ੍ਰਿਸ਼ਟ ਯੋਗਦਾਨ ਲਈ "ਉਤਕ੍ਰਿਸ਼ਟ ਸਰਵੋਤਮ ਪ੍ਰਥਾ" ਵਜੋਂ ਮਾਨਤਾ ਦਿੱਤੀ ਗਈ।



ਪੀਜੀਆਈਐਮਈਆਰ ਨੂੰ "Best Practices in Patient Safety 2026" ਲਈ ਵਿਸ਼ੇਸ਼ ਮਾਨਤਾ ਪੁਰਸਕਾਰ ਵੀ ਪ੍ਰਦਾਨ ਕੀਤਾ ਗਿਆ। ਇਸ ਪ੍ਰਾਪਤੀ 'ਤੇ ਪ੍ਰੋ. ਵਿਵੇਕ ਲਾਲ, ਨਿਰਦੇਸ਼ਕ, ਪੀਜੀਆਈਐਮਈਆਰ ਨੇ ਕਿਹਾ ਕਿ ਇਹ ਸਨਮਾਨ ਸੰਸਥਾ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਾਰਥੀ ਹਮਦਰਦੀ, ਸਵੈ-ਸੇਵਾ ਅਤੇ ਜ਼ਿੰਮੇਵਾਰ ਨਾਗਰਿਕਤਾ ਰਾਹੀਂ ਸਿਹਤ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਅਤੇ ਮਾਨਵੀ ਬਣਾਉਣ ਦੀ ਇੱਕ ਉਦਾਹਰਣ ਹੈ। ਉਨ੍ਹਾਂ ਨੇ ਇਸ ਮਾਡਲ ਨੂੰ ਹੋਰ ਮਜ਼ਬੂਤ ਕਰਕੇ ਵਿਆਪਕ ਪੱਧਰ 'ਤੇ ਲਾਗੂ ਕਰਨ ਦੀ ਵਚਨਬੱਧਤਾ ਜਤਾਈ।

ਪੰਕਜ ਰਾਏ, ਉਪ ਨਿਰਦੇਸ਼ਕ, ਪੀਜੀਆਈਐਮਈਆਰ ਨੇ ਕਿਹਾ ਕਿ ਸਥਿਤ ਸਵੈ-ਸੇਵੀ ਪ੍ਰੋਗਰਾਮ ਮਰੀਜ਼ਾਂ ਦੇ ਅਨੁਭਵ ਅਤੇ ਹਸਪਤਾਲ ਦੀ ਕਾਰਜਕੁਸ਼ਲਤਾ 'ਤੇ ਸਾਰਥਕ ਪ੍ਰਭਾਵ ਪਾ ਸਕਦਾ ਹੈ। ਸਾਰਥੀ ਸਵੈ-ਸੇਵਕ ਮਰੀਜ਼ਾਂ ਨੂੰ ਹਸਪਤਾਲ ਦੀ ਵਿਵਸਥਾ ਨੂੰ ਸਮਝਣ, ਓਪੀਡੀ ਵਿੱਚ ਮਾਰਗਦਰਸ਼ਨ, ਰਜਿਸਟ੍ਰੇਸ਼ਨ, ਸੇਵਾਵਾਂ ਦੀ ਥਾਂ, ਕਤਾਰਾਂ, ਜਾਂਚ ਅਤੇ ਰਿਪੋਰਟਾਂ ਸਮੇਤ ਗੈਰ-ਕਲੀਨਿਕਲ ਲੋੜਾਂ ਵਿੱਚ ਸਹਾਇਤਾ ਪ੍ਰਦਾਨ ਕਰਦੇ ਹਨ।

ਸੁਸ਼੍ਰੀ ਸਰਯੂ ਡੀ. ਮਾਦਰਾ, ਕੰਸਲਟੈਂਟ (ਆਈਈਸੀ/ਮੀਡੀਆ), ਰੋਟੋ ਨੌਰਥ ਅਤੇ ਸਹਿ-ਜਨ ਸੰਪਰਕ ਅਧਿਕਾਰੀ, ਪੀਜੀਆਈਐਮਈਆਰ ਚੰਡੀਗੜ੍ਹ ਨੇ ਰਾਸ਼ਟਰੀ ਮੰਚ 'ਤੇ ਪੀਜੀਆਈਐਮਈਆਰ ਦੀ ਨੁਮਾਇੰਦਗੀ ਕਰਦਿਆਂ ਪ੍ਰੋਜੈਕਟ ਸਾਰਥੀ 'ਤੇ ਪੇਸ਼ਕਾਰੀ ਦਿੱਤੀ ਅਤੇ ਸੰਸਥਾ ਵੱਲੋਂ ਸਨਮਾਨ ਅਤੇ ਪੁਰਸਕਾਰ ਪ੍ਰਾਪਤ ਕੀਤਾ।

ਮਈ 2024 ਵਿੱਚ ਸ਼ੁਰੂ ਕੀਤੇ ਗਏ ਪ੍ਰੋਜੈਕਟ ਸਾਰਥੀ — Students Alliance for Responsible Action to Transform Healthcare Institutes ਦੇ ਤਹਿਤ ਸਿਖਲਾਈ ਪ੍ਰਾਪਤ ਵਿਦਿਆਰਥੀ ਸਵੈ-ਸੇਵਕ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸਹਾਇਤਾ ਕਰਦੇ ਹਨ। ਪੀਜੀਆਈਐਮਈਆਰ ਵਿੱਚ ਹਰ ਸਾਲ 30 ਲੱਖ ਤੋਂ ਵੱਧ ਓਪੀਡੀ ਵਿਜ਼ਿਟ ਹੁੰਦੀਆਂ ਹਨ। ਹੁਣ ਤੱਕ 2,700 ਤੋਂ ਵੱਧ ਵਿਦਿਆਰਥੀਆਂ ਨੇ ਸਾਰਥੀ ਸਵੈ-ਸੇਵਕ ਵਜੋਂ ਹਿੱਸਾ ਲੈ ਕੇ 1.6 ਲੱਖ ਘੰਟਿਆਂ ਤੋਂ ਵੱਧ ਸੇਵਾ ਪ੍ਰਦਾਨ ਕੀਤੀ ਹੈ। ਸਾਰਥੀ ਮਾਡਲ ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) 2020 ਦੀ ਭਾਵਨਾ ਦੇ ਅਨੁਸਾਰ ਅਨੁਭਵੀ ਸਿੱਖਿਆ, ਭਾਈਚਾਰਕ ਭਾਗੀਦਾਰੀ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਦਾ ਹੈ।

ਇਸ ਪਹਿਲ ਨੇ ਇਹ ਵੀ ਰੇਖਾਂਕਿਤ ਕੀਤਾ ਹੈ ਕਿ ਰੋਗੀ ਸੁਰੱਖਿਆ ਵਿੱਚ ਕਲੀਨਿਕਲ ਦੇਖਭਾਲ ਦੇ ਨਾਲ ਸਪਸ਼ਟ ਸੰਚਾਰ, ਪਹੁੰਚਯੋਗਤਾ, ਉਚਿਤ ਮਾਰਗਦਰਸ਼ਨ ਅਤੇ ਸੰਵੇਦਨਸ਼ੀਲ ਮਰੀਜ਼ ਅਨੁਭਵ ਵੀ ਮਹੱਤਵਪੂਰਨ ਹਨ।

ਪਸ਼ੂ, ਪੰਛੀਆਂ, ਇਨਸਾਨੀ ਜੀਵਨ ਬਚਾਉ, ਬਹਾਦਰੀ ਕਰਕੇ ਗੋਲਡ ਮੈਡਲ ਪਾਉ : ਡਾਕਟਰ ਰਾਕੇਸ਼ ਵਰਮੀ

ਚੰਡੀਗੜ੍ਹ, 14 ਸਤੰਬਰ (ਪੈ.ਗਾਮ-ਏ-ਜਗਤ)

ਅੰਤਰਰਾਸ਼ਟਰੀ ਫਸਟ ਏਡ, ਸੀ ਪੀ ਆਰ ਦਿਵਸ਼ ਮੌਕੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਵਲੋਂ 21 ਸਕੂਲਾਂ ਦੇ ਹੋਣਹਾਰ ਪ੍ਰਿੰਸੀਪਲਾਂ ਨੂੰ ਸਨਮਾਨਿਤ ਕਰਦੇ ਹੋਏ ਡਾਕਟਰ ਰਾਕੇਸ਼ ਵਰਮੀ ਪ੍ਰਧਾਨ, ਹਰਪ੍ਰੀਤ ਸੰਧੂ ਸਕੱਤਰ ਅਤੇ ਡੀ ਐਸ ਪੀ ਰੂਲਰ ਸ਼੍ਰੀ ਰਣਬੀਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ, ਅਧਿਆਪਕਾਂ ਅਤੇ ਨਾਗਰਿਕਾਂ ਨੂੰ ਆਪਣੇ ਬਚਾਅ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਪੀੜਤਾਂ ਅਤੇ ਹੈਲਪ ਲਾਈਨ ਨੰਬਰਾਂ ਦੀ ਵਰਤੋਂ ਬਾਰੇ ਟ੍ਰੇਨਿੰਗਾਂ, ਅਭਿਆਸ ਕਰਵਾਉਣ ਲਈ ਸੰਪਰਕ ਕਰਨਾ ਚਾਹੀਦਾ ਤਾਂ ਜ਼ੋ ਕਿਸੇ ਵੀ ਕੁਦਰਤੀ, ਮੌਸਮੀ, ਮਨੁੱਖੀ ਆਫ਼ਤਾਵਾ, ਜੰਗਾਂ ਘਰੇਲੂ/ਸੰਸਥਾਵਾਂ ਦੀਆਂ ਘਟਨਾਵਾਂ ਸਮੇਂ ਪੀੜਤਾਂ ਨੂੰ ਮਰਨ ਤੋਂ ਬਚਾਉਣ ਲਈ ਮਦਦਗਾਰ ਫ਼ਰਿਸ਼ਤਿਆਂ ਵਜੋਂ ਲੋਕਾਂ ਅਤੇ ਨੋਜਵਾਨਾਂ ਨੂੰ ਤਿਆਰ ਕੀਤਾ ਜਾਵੇ। ਕਿਸੇ ਵੀ ਪਸ਼ੂ,ਪੰਛੀ, ਇਨਸਾਨ ਦੀ ਜਾਨਾਂ ਬਚਾਉਣ ਹਿੱਤ ਯਤਨ ਕਰਨ ਵਾਲਿਆ ਨੂੰ ਡੀ ਬੀ ਜੀ ਵਲੋਂ ਹਰ ਮਹੀਨੇ ਗੋਲਡ ਮੈਡਲ ਅਤੇ ਪ੍ਰਸੰਸਾ ਪੱਤਰ ਦੇਕੇ ਸਨਮਾਨਿਤ ਕੀਤਾ ਜਾ ਰਿਹਾ ਹੈ। ਚਾਹੇ ਪੀੜਤਾਂ ਨੂੰ ਹਸਪਤਾਲ ਲੈਕੇ ਜਾਉ ਜਾਂ ਪੁਲਿਸ, ਐਂਬੂਲੈਂਸਾਂ ਫਾਇਰ ਬ੍ਰਿਗੇਡ ਨੂੰ ਫੋਨ ਕਰਕੇ ਬੁਲਾਇਆ ਜਾਵੇ ਤਾਂ ਉਨ੍ਹਾਂ ਬਹਾਦਰ ਵਿਦਿਆਰਥੀਆਂ ਅਧਿਆਪਕਾਂ ਨਾਗਰਿਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਸ਼੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਅਤੇ ਡਾਕਟਰ ਰਿਸ਼ਮਾਂ ਕੋਹਲੀ ਦਿੱਲੀ ਪਬਲਿਕ ਸਕੂਲ ਨੇ ਦੱਸਿਆ ਕਿ ਦੁਨੀਆਂ ਵਿੱਚ ਇਲਾਜ ਨਾਲੋਂ ਫਸਟ ਏਡ, ਸੀ ਪੀ ਆਰ, ਵੈਟੀਲੈਟਰ ਬਣਾਉਟੀ ਸਾਹ ਕਿਰਿਆ ਨੂੰ ਵੱਧ ਲਾਭਦਾਇਕ ਸਮਝਿਆ ਜਾ ਰਿਹਾ, ਕਿਉਂਕਿ ਪੀੜਤਾਂ ਨੂੰ ਮਰਨ ਤੋਂ ਬਚਾਕੇ, ਹਸਪਤਾਲਾਂ ਤੱਕ ਪਹੁੰਚਾਉਣਾ, ਮੌਕੇ ਤੇ ਦਿੱਤੀ ਠੀਕ ਮੁਢਲੀ ਸਹਾਇਤਾ ਰਾਹੀਂ ਹੀ ਸੰਭਵ ਹੈ। ਹਾਦਸਿਆਂ ਤੋਂ ਇਲਾਵਾ ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਬੇਹੋਸ਼ੀ, ਸਦਮੇਂ, ਸਾਹ ਕਿਰਿਆ ਬੰਦ ਹੋਣ, ਗੈਸਾਂ, ਧੂੰਏਂ, ਪਾਣੀ, ਮਲਵੇ ਕਾਰਨ ਹੋ ਰਹੀਆਂ ਮੌਤਾਂ ਨੂੰ ਰੋਕਣ ਲਈ ਫਸਟ ਏਡ ਟ੍ਰੇਨਿੰਗਾਂ, ਅਭਿਆਸ ਅਤੇ ਮੌਕ ਡਰਿੱਲਾਂ ਬਹੁਤ ਲਾਭਦਾਇਕ ਸਿੱਧ ਹੋ ਰਹੀਆਂ ਹਨ। ਪ੍ਰਿੰਸੀਪਲਾਂ ਵਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਬੱਚਿਆਂ ਨੂੰ ਸੁਰੱਖਿਅਤ ਸਿਹਤਮੰਦ ਖੁਸ਼ਹਾਲ ਅਤੇ ਜਾਗਰੂਕ ਕਰਨਾ ਉਨ੍ਹਾਂ ਦੀ ਪਹਿਲੀ ਜੁਮੇਵਾਰੀ ਹੈ ਜਿਸ ਹਿੱਤ ਉਨ੍ਹਾਂ ਵਲੋਂ ਵਿਦਿਆਰਥੀਆਂ, ਅਧਿਆਪਕਾਂ ਨੂੰ ਸ਼੍ਰੀ ਕਾਕਾ ਰਾਮ ਵਰਮਾ ਜੀ ਰਾਹੀਂ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ ਟ੍ਰੇਨਿੰਗਾਂ ਕਰਵਾਈਆਂ ਜਾ ਰਹੀਆਂ ਹਨ।



ਮਲਵਈ ਗਾਉਣ ਪ੍ਰੰਪਰਾ ਬਾਰੇ ਡਾ. ਲਾਭ ਸਿੰਘ ਖੀਵਾ ਦੀ ਪੁਸਤਕ ਰਿਲੀਜ਼

ਚੰਡੀਗੜ੍ਹ, (ਪੈ.ਗਾਮ-ਏ-ਜਗਤ)

ਅੱਜ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ ਪੰਜਾਬ ਕਲਾ ਭਵਨ ਵਿਖੇ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਉੱਘੇ ਲੇਖਕ, ਆਲੋਚਕ ਅਤੇ ਚਿੰਤਕ ਡਾ. ਲਾਭ ਸਿੰਘ ਖੀਵਾ ਦੀ ਪੁਸਤਕ 'ਮਲਵਈ ਗਾਉਣ: ਅਧਿਐਨ ਅਤੇ ਸੰਪਾਦਨ' ਲੋਕ-ਅਰਪਣ ਕੀਤੀ ਗਈ ਜਿਸ ਲਈ ਪੰਜਾਬ ਕਲਾ ਪ੍ਰੀਸ਼ਦ ਨੇ ਸਹਿਯੋਗ ਦਿੱਤਾ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕੀਤੀ9 ਪ੍ਰਸਿੱਧ ਸਾਹਿਤਕਾਰ ਜੰਗ ਬਹਾਦਰ ਗੋਇਲ ਇਸ ਮੌਕੇ ਮੁੱਖ ਮਹਿਮਾਨ ਸਨ ਜਦ ਕਿ ਡਾ. ਜਲੌਰ ਸਿੰਘ ਖੀਵਾ ਅਤੇ ਡਾ. ਦਵਿੰਦਰ ਸਿੰਘ ਬੋਹਾ ਨੇ ਬਤੌਰ ਬੁਲਾਰੇ ਸ਼ਿਰਕਤ ਕੀਤੀ।



ਕਿਤਾਬ ਰਿਲੀਜ਼ ਕਰਨ ਵੇਲੇ ਪੰਜਾਬੀ ਲੇਖਕ ਸਭਾ ਵੱਲੋਂ ਗੁਰਨਾਮ ਕੰਵਰ ਅਤੇ ਸੱਚਪ੍ਰੀਤ ਖੀਵਾ ਨੇ ਮੌਜੂਦਗੀ ਦਰਜ ਕਰਵਾਈ। ਮੰਚ ਸੰਚਾਲਨ ਕਰਦਿਆਂ ਸਭਾ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਆਖਿਆ ਕਿ ਮਲਵਈ ਗਾਉਣ ਪ੍ਰੰਪਰਾ ਇੱਕ ਅਮੀਰ ਵਿਰਾਸਤ ਦੀ ਤਰਜਮਾਨੀ ਕਰਦੀ ਹੈ9 ਗੁਰਨਾਮ ਕੰਵਰ ਨੇ ਸੁਆਗਤੀ ਸ਼ਬਦਾਂ ਵਿੱਚ ਕਿਹਾ ਕਿ ਅਜਿਹੇ ਉਪਰਾਲੇ ਪੰਜਾਬੀ ਲੇਖਕ ਸਭਾ ਦੇ ਵਿਲੱਖਣ ਕਾਰਜਾਂ ਲਈ ਹੋਰ ਪ੍ਰੇਰਣਾ ਸ੍ਰੋਤ ਬਣਦੇ ਹਨ। ਅਮਰਜੀਤ ਕੌਰ ਅਤੇ ਹਰਪ੍ਰੀਤ ਕੌਰ ਨੇ ਲੰਮੀ ਹੇਕ ਦੇ ਦੋ ਗੀਤ ਸੁਣਾ ਕੇ ਹਾਜ਼ਿਰ ਦਰਸ਼ਕਾਂ ਦੀ ਭਰਪੂਰ ਪ੍ਰਸ਼ੰਸਾ ਖੱਟੀ। ਲਾਭ ਸਿੰਘ ਲਹਿਲੀ ਨੇ ਵੀ ਇੱਕ ਗੀਤ ਸੁਣਾਇਆ। ਡਾ. ਜਲੌਰ ਸਿੰਘ ਖੀਵਾ ਦਾ ਕਹਿਣਾ ਸੀ ਕਿ ਮਾਲਵੇ ਦੀ ਲੋਕ ਧਾਰਾ ਬਹੁਤ ਮਜ਼ਬੂਤ ਹੈ। ਇਹ ਖਿੱਤਾ ਪਰਾਕ੍ਰਿਤੀ ਦੇ ਬਹੁਤ ਨੇੜੇ ਹੈ ਜਿੱਥੇ ਸਭ ਤੋਂ ਵੱਧ ਲੋਕ ਬੋਲੀਆਂ, ਕਿੱਸਾ-ਕਾਵਿ ਅਤੇ ਕਵੀਸ਼ਰੀ ਦੀ ਸਿਰਜਣਾ ਹੋਈ। ਡਾ. ਦਵਿੰਦਰ ਸਿੰਘ ਬੋਹਾ ਨੇ ਕਿਹਾ ਕਿ ਘੱਗਰ ਤੋਂ ਸਤਲੁਜ ਤੱਕ ਫੈਲੇ ਇਸ ਇਲਾਕੇ ਦੇ ਭੂਗੋਲਿਕ ਅਤੇ ਭਾਸ਼ਾਈ ਤੱਤ ਨੇ ਇਸ ਦੀਆਂ ਬਾਕਮਾਲ ਗਾਉਣ ਸ਼ੈਲੀਆਂ ਵਿਕਸਿਤ ਕੀਤੀਆਂ ਹਨ9 ਕਹਾਣੀਕਾਰ ਪਰਮਜੀਤ ਮਾਨ ਨੇ ਕਿਹਾ ਕਿ ਮਲਵਈ ਸਾਹਿਤ ਨੂੰ ਸਮਾਜਿਕ, ਆਰਥਿਕ, ਇਤਿਹਾਸਕ ਅਤੇ ਧਾਰਮਿਕ ਪਰਿਪੇਖ ਰਾਹੀਂ ਜਾਣ ਕੇ ਇਸ ਨੂੰ ਸਮਝਿਆ ਜਾ ਸਕਦਾ ਹੈ। ਲੇਖਕ ਡਾ. ਲਾਭ ਸਿੰਘ ਖੀਵਾ ਨੇ ਆਪਣੀ ਸਿਰਜਣ ਪ੍ਰਕ੍ਰਿਆ ਬਾਰੇ ਬੋਲਦਿਆਂ ਕਿਹਾ ਕਿ ਖਿੱਤੇ ਦੀ ਮਾਨਸਿਕਤਾ ਗੀਤਾਂ ਅਤੇ ਰੀਤਾਂ ਵਿੱਚ ਹੁੰਦੀ ਹੈ ਜਿਸ ਦੀ ਵਿਰਾਸਤੀ ਮਹੱਤਤਾ ਹੈ। ਜੰਗ ਬਹਾਦਰ ਗੋਇਲ ਨੇ ਕਿਹਾ ਕਿ ਸਾਡੀ ਗਾਇਕੀ ਵਾਲੀ ਵਿਰਾਸਤ ਲੋਰੀ ਤੋਂ ਲੈ ਕੇ ਵੈਣ ਪਾਉਣ ਤੱਕ ਹੈ ਜਿਹੜੀ ਮਲਵਈਆਂ ਦੀ ਮੂਲ ਪਹਿਚਾਣ ਹੈ।

ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਲੋਕ ਧਾਰਾ ਦੇ ਮਾਧਿਅਮ ਨਾਲ਼ ਪੰਜਾਬ ਅਤੇ ਵਿਸ਼ੇਸ਼ ਕਰ ਮਾਲਵੇ ਦੀ ਇਤਿਹਾਸਕਾਰੀ ਬੇਹਤਰ ਕੀਤੀ ਜਾ ਸਕਦੀ ਹੈ। ਧੰਨਵਾਦੀ ਸ਼ਬਦਾਂ ਵਿੱਚ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਅਜਿਹੇ ਸਮਾਗਮ ਉਹਨਾਂ ਸਾਰਿਆਂ ਵਾਸਤੇ ਬੜੇ ਲਾਹੇਵੰਦ ਹਨ ਜਿਹੜੇ ਇਸ ਲੋਕ ਪ੍ਰੰਪਰਾ ਨਾਲ਼ ਜੁੜੇ ਰਹਿਣਾ ਚਾਹੁੰਦੇ ਹਨ9 ਜਿਨ੍ਹਾਂ ਸ਼ਖ਼ਸੀਅਤਾਂ ਨੇ ਅੱਜ ਦੇ ਇਸ ਸਮਾਗਮ ਨੂੰ ਨਿੱਠ ਕੇ ਮਾਣਿਆ ਉਹਨਾਂ ਵਿੱਚ ਬਲਕਾਰ ਸਿੱਧੂ, ਕੈਪਟਨ ਨਰਿੰਦਰ ਸਿੰਘ, ਡਾ. ਅਵਤਾਰ ਸਿੰਘ ਪਤੰਗ, ਦਵਿੰਦਰ ਦਮਨ, ਜਸਵੰਤ ਦਮਨ, ਊਸ਼ਾ ਕੰਵਰ, ਮਨਜੀਤ ਕੌਰ ਮੀਤ, ਸੁਖਵਿੰਦਰ ਸਿੱਧੂ, ਹਰਮਿੰਦਰ ਕਾਲੜਾ, ਧਿਆਨ ਸਿੰਘ ਕਾਹਲੋਂ, ਗੁਰਮੇਲ ਸਿੰਘ ਮੋਜੋਵਾਲ, ਹਰਿੰਦਰ ਸਿੰਘ ਸੋਹਲ, ਹਰਪ੍ਰੀਤ ਸਿੰਘ ਚੰਨੂੰ, ਦਿਲਦਾਰ ਸਿੰਘ, ਅਮੀਰ ਸੁਲਤਾਨਾ, ਮਨਦੀਪ ਸਿੰਘ, ਡਾ. ਗੁਰਦੇਵ ਸਿੰਘ ਗਿੱਲ, ਡਾ. ਹਰਬੰਸ ਕੌਰ ਗਿੱਲ, ਅਮਰਾਓ ਗਿੱਲ, ਤੇਜਾ ਸਿੰਘ ਥੂਹਾ, ਸੰਜੀਤ ਕੁਮਾਰ, ਪਰਮਜੀਤ ਪਰਮ, ਸਰਦਾਰਾ ਸਿੰਘ ਚੀਮਾ, ਰਮਨ ਸੰਧੂ, ਵਰਿੰਦਰ ਚੱਠਾ, ਡਾ. ਸੁਰਿੰਦਰ ਗਿੱਲ, ਕਮਲਜੀਤ ਸਿੰਘ ਬਨਵੈਤ, ਵਿੰਦਰ ਮਾਝੀ, ਡਾ. ਰੇਖਾ ਮਿੱਤਲ, ਪੂਜਾ ਕੰਬੋਜ, ਕੋਮਲ, ਰਾਜਵੀਰ ਕੌਰ, ਬੇਅੰਤ ਕੌਰ, ਸਰਬਜੀਤ ਸਿੰਘ ਪੱਡਾ, ਡਾ. ਰਿਚਪਾਲ ਕੌਰ, ਇਕਬਾਲ ਸਿੰਘ ਭਾਕਰ, ਸ਼ਮਸ਼ੀਲ ਸਿੰਘ ਸੋਢੀ, ਚਰਨਜੀਤ ਕੌਰ ਬਾਠ, ਸੁਖਵਿੰਦਰ ਸਿੰਘ, ਸੁਰਿੰਦਰ ਕੁਮਾਰ, ਕੁਲਦੀਪ ਕੌਰ, ਗੁਰਵਿੰਦਰ ਸਿੰਘ ਭੁੱਲਰ, ਦੀਪਕ ਮਹਿਤਾ, ਸੁਖਰਾਜ ਕੌਰ, ਸੀਮਾ ਸ਼ਰਮਾ, ਪ੍ਰਤਾਪ ਪਾਰਸ ਗੁਰਦਾਸਪੁਰੀ, ਬਲਦੇਵ ਸਿੰਘ ਬਿੰਦਰਾ, ਦਿਲਬਾਗ ਬਾਗ, ਗੁਰਮੀਤ ਸਿੰਘ ਸਿੰਗਲ, ਕੰਵਲਦੀਪ ਕੌਰ, ਸਰੂਪ ਸਿਆਲਵੀ, ਸੁਰਜੀਤ ਸੁਮਨ, ਗੁਰਲਾਲ ਸਿੰਘ, ਰਾਜ ਸਮੱਧਰ, ਗੁਰਚਰਨ ਸਿੰਘ, ਨਰਿੰਦਰ ਕੌਰ ਮਠਾੜੂ, ਨਿਰਵੈਰ ਕੌਰ, ਹਰਨਾਮ ਸਿੰਘ ਡੱਲਾ, ਗੁਰਜੰਟ ਸਿੰਘ, ਮੋਹਣ ਲਾਲ ਰਾਹੀ, ਰੂਪ ਸਿੰਘ ਦਿਓਲ, ਕਮਲਜੀਤ ਕੌਰ, ਸਰਵਜੀਤ ਸਿੰਘ, ਗੁਰਪ੍ਰੀਤ ਖੋਖਰ, ਰਾਣੀ ਸੁਨੀਤਾ ਸਿੰਘ, ਰਾਬਿੰਦਰ ਸ਼ਰਮਾ, ਇੰਦਰਜੀਤ ਪ੍ਰੇਮੀ, ਪਰਮਿੰਦਰ ਸਿੰਘ ਮਦਾਨ, ਬਲਰਾਜ ਸਹੋਤਾ, ਰੈਕਟਰ ਕਥੂਰੀਆ, ਕਾਰਤਿਕਾ ਸਿੰਘ, ਤਰਲੋਚਨ ਸਿੰਘ, ਬਲਵਿੰਦਰ ਸਿੰਘ ਢਿੱਲੋਂ, ਅਨੁਰਾਧਾ ਵਸ਼ਿਸ਼ਟ ਅਤੇ ਸਰਬਜੀਤ ਸਿੰਘ ਦੇ ਨਾਮ ਕਾਬਿਲੇ ਜ਼ਿਕਰ ਹਨ।

ਮਾਨੂੰਪੁਰ ਦੀ ਪੰਜਾਬੀ ਪਬਲਿਕ ਲਾਇਬਰੇਰੀ ਵਿੱਚ ਪਾਠਕਾਂ ਦੀ ਭਾਰੀ ਰੌਣਕ

ਮਾਨੂੰਪੁਰ, 13 ਅਕਤੂਬਰ (ਪੈ.ਗਾਮ-ਏ-ਜਗਤ)

ਪੰਜਾਬੀ ਸਾਹਿਤ ਸਭਾ (ਨਵੀਂ ਦਿੱਲੀ) ਦੇ ਸਹਿਯੋਗ ਨਾਲ ਚੱਲ ਰਹੀ ਪੰਜਾਬੀ ਪਬਲਿਕ ਲਾਇਬਰੇਰੀ, ਮਾਨੂੰਪੁਰ ਵਿੱਚ ਅੱਜ ਫਿਰ ਪੜ੍ਹਨ-ਲਿਖਣ ਦਾ ਉਤਸ਼ਾਹ ਵੇਖਣ ਨੂੰ ਮਿਲਿਆ। ਫਾਇਲ ਨੰਬਰ 162 ਤਹਿਤ ਦਰਜ ਇਸ ਦਿਨ, ਪਿੰਡ ਦੇ ਬੱਚਿਆਂ, ਨੌਜਵਾਨਾਂ ਅਤੇ ਆਮ ਪਾਠਕਾਂ ਨੇ ਵੱਡੀ ਗਿਣਤੀ ਵਿੱਚ ਲਾਇਬਰੇਰੀ ਵਿੱਚ ਪਹੁੰਚ ਕੇ ਆਪਣੀ ਪਸੰਦ ਦੀਆਂ ਕਿਤਾਬਾਂ ਜਾਰੀ ਕਰਵਾਈਆਂ।



ਲਾਇਬਰੇਰੀ ਦੇ ਸੇਵਾਦਾਰ ਕੁਲਵਿੰਦਰ ਸਿੰਘ ਮਾਨੂੰਪੁਰੀ ਨੇ ਦੱਸਿਆ ਕਿ ਖਾਸ ਤੌਰ 'ਤੇ ਪੰਜਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਕਿਤਾਬਾਂ ਵੱਲ ਵਧ ਰਿਹਾ ਰੁਝਾਨ ਬਹੁਤ ਉਤਸ਼ਾਹਜਨਕ ਹੈ। ਬੱਚੇ ਕਿਤਾਬਾਂ ਘਰ ਲਿਜਾ ਕੇ ਪੜ੍ਹਨ ਦਾ ਲਾਹਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਲਾਇਬਰੇਰੀ ਦਾ ਮੁੱਖ ਮੰਤਵ ਮਾਨੂੰਪੁਰ ਦੇ ਹਰ ਬੱਚੇ ਨੂੰ ਕਿਤਾਬ ਨਾਲ ਜੋੜਨਾ, ਹਰ ਨੌਜਵਾਨ ਨੂੰ ਪੜ੍ਹਾਈ ਨੂੰ ਆਪਣਾ ਸਾਥੀ ਬਣਾਉਣ ਲਈ ਪ੍ਰੇਰਿਤ ਕਰਨਾ ਅਤੇ ਹਰ ਘਰ ਵਿੱਚ ਗਿਆਨ ਦੀ ਗੱਲ ਪਹੁੰਚਾਉਣਾ ਹੈ। ਕਿਤਾਬ ਇੱਕ ਅਜਿਹੀ ਸੰਗੀ ਹੈ ਜੋ ਬਿਨਾਂ ਬੋਲੇ ਗਿਆਨ ਦਿੰਦੀ ਹੈ ਅਤੇ ਸੋਚਣ ਦੀ ਦਾਤ ਬਖ਼ਸ਼ਦੀ ਹੈ, ਉਨ੍ਹਾਂ ਕਿਹਾ। ਅੰਤ ਵਿੱਚ ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਇਹ ਨਿੱਕੇ ਪਾਠਕ ਪੜ੍ਹ-ਲਿਖ ਕੇ ਆਪਣੇ ਮਾਪਿਆਂ, ਪਿੰਡ ਮਾਨੂੰਪੁਰ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨ।

ਕਾਂਗਰਸੀ ਵਰਕਰਾਂ ਨੇ ਅੰਬਾਲਾ ਬਲਾਕ ਕਾਂਗਰਸ ਵਰਕਰਜ਼ ਕਾਨ.ਫਰੰਸ ਵਿੱਚ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰਨ ਦਾ ਲਿਆ ਸੰਕਲਪ

ਪੈ.ਗਾਮ-ਏ-ਜਗਤ/ਅੰਬਾਲਾ 13 ਸਤੰਬਰ (ਆਰ.ਸਿੰਘ)

ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ÷ਸੰਗਠਨ ਨਿਰਮਾਣ ਪ੍ਰੋਗਰਾਮ÷ ਦੇ ਹਿੱਸੇ ਵਜੋਂ 1 ਸਤੰਬਰ ਤੋਂ 30 ਸਤੰਬਰ ਤੱਕ ਰਾਜ ਭਰ ਦੀਆਂ 180 ਬਲਾਕ ਕਾਂਗਰਸ ਕਮੇਟੀਆਂ ਵਿੱਚ ਚੱਲ ਰਹੀਆਂ ਵਰਕਰਜ਼ ਕਾਨ.ਫਰੰਸਾਂ ਦੇ ਹਿੱਸੇ ਵਜੋਂ ਅੱਜ ਅੰਬਾਲਾ ਵਿੱਚ ਇੱਕ ਬਲਾਕ ਕਾਂਗਰਸ ਕਮੇਟੀ ਵਰਕਰਜ਼ ਕਾਨ.ਫਰੰਸ ਅੰਬਾਲਾ ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਵਿਨੋਦ ਧੀਮਾਨ ਦੁਆਰਾ ਆਯੋਜਿਤ ਕੀਤੀ ਗਈ ਸੀ। ਇਸ ਕਾਨ.ਫਰੰਸ ਵਿੱਚ ਏ.ਆਈ.ਸੀ.ਸੀ ਸਕੱਤਰ ਅਤੇ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਹਿ-ਇੰਚਾਰਜ ਜਤਿੰਦਰ ਬਘੇਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਦੋਂ ਕਿ ਅੰਬਾਲਾ ਸ਼ਹਿਰ ਦੇ ਵਿਧਾਇਕ ਚੌਧਰੀ ਨਿਰਮਲ ਸਿੰਘ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ। ਕਾਨ.ਫਰੰਸ ਵਿੱਚ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰਾਂ ਨੇ ਹਿੱਸਾ ਲਿਆ ਅਤੇ ਜ਼ਮੀਨੀ ਪੱਧਰ 'ਤੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਦਾ ਵਾਅਦਾ ਕੀਤਾ।



ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਏ.ਆਈ.ਸੀ.ਸੀ ਸਕੱਤਰ ਅਤੇ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਹਿ-ਇੰਚਾਰਜ ਜਤਿੰਦਰ ਬਘੇਲ ਨੇ ਭਾਜਪਾ ਸਰਕਾਰ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਅੱਜ ਹਰਿਆਣਾ ਅਪਰਾਧ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਵਿੱਚ ਨੰਬਰ ਇੱਕ ਸੂਬਾ ਬਣ ਗਿਆ ਹੈ ਜਦੋਂ ਕਿ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਹਰਿਆਣਾ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਦੇਸ਼ ਦਾ ਮੋਹਰੀ ਸੂਬਾ ਸੀ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਪੰਜਾਬ ਜਾ ਕੇ ਵੱਡੇ-ਵੱਡੇ ਦਾਅਵੇ ਕਰਦੇ ਹਨ ਕਿ ਉਨ੍ਹਾਂ ਨੇ ਹਰਿਆਣਾ ਨੂੰ ਅਪਰਾਧ ਮੁਕਤ ਬਣਾ ਦਿੱਤਾ ਹੈ ਅਤੇ ਜੇ ਭਾਜਪਾ ਸਰਕਾਰ ਬਣਾਉਂਦੀ ਹੈ ਤਾਂ ਪੰਜਾਬ ਨੂੰ ਵੀ ਅਪਰਾਧ ਮੁਕਤ ਬਣਾ ਦੇਣਗੇ ਪਰ ਜ਼ਮੀਨੀ ਹਕੀਕਤ ਬਿਲਕੁਲ ਉਲਟ ਹੈ। ਬਘੇਲ ਨੇ ਕਿਹਾ ਕਿ ਅੱਜ ਸੂਬੇ ਵਿੱਚ ਅਪਰਾਧੀਆਂ ਦੇ ਹੌਸਲੇ ਏਨੇ ਬੁਲੰਦ ਹਨ ਕਿ ਉਹ ਪਹਿਲਾਂ ਕਾਰੋਬਾਰੀਆਂ ਨੂੰ ਧਮਕੀਆਂ ਦਿੰਦੇ ਹਨ ਅਤੇ ਫਿਰ ਫਿਰੌਤੀ ਮੰਗਦੇ ਹਨ। ਜੇਕਰ ਕਾਰੋਬਾਰੀ ਫਿਰੌਤੀ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਪੁਲੀਸ ਨਿਗਰਾਨੀ ਦੀ ਮੌਜੂਦਗੀ ਦੇ ਬਾਵਜੂਦ ਉਸ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਪਰਾਧੀ ਖੁੱਲ੍ਹੇਆਮ ਘੁੰਮ ਰਹੇ ਹਨ ਅਤੇ ਸਰਕਾਰ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੇ ਲੋਕਾਂ ਨੂੰ ਕਾਂਗਰਸ ਪਾਰਟੀ ਅਤੇ ਰਾਹੁਲ ਗਾਂਧੀ ਵਿੱਚ ਵਿਸ਼ਵਾਸ ਹੈ। ਹਰਿਆਣਾ ਦੇ ਲੋਕ ਜਾਤੀ, ਧਰਮ ਅਤੇ ਭੇਦਭਾਵ ਦੀ ਰਾਜਨੀਤੀ ਰਾਹੀਂ ਸੱਤਾ ਵਿੱਚ ਆਈ ਭਾਜਪਾ ਨੂੰ ਢੁਕਵਾਂ ਜਵਾਬ ਦੇਣਗੇ।

ਸੰਗਠਨ ਦੀ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ ਜਤਿੰਦਰ ਬਘੇਲ ਨੇ ਕਿਹਾ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਦੀ ਰੀੜ੍ਹ ਦੀ ਹੱਡੀ ਉਸ ਦੇ ਵਰਕਰ ਹੁੰਦੇ ਹਨ। ਸੰਗਠਨ ਨਿਰਮਾਣ ਮੁਹਿੰਮ ਤਹਿਤ ਕੀਤੀਆਂ ਜਾ ਰਹੀਆਂ ਬਲਾਕ ਪੱਧਰੀ ਮੀਟਿੰਗਾਂ ਦਾ ਉਦੇਸ਼ ਪਾਰਟੀ ਦੇ ਹੇਠਲੇ ਪੱਧਰ ਦੇ ਵਰਕਰਾਂ ਤੱਕ ਪਹੁੰਚਣਾ ਅਤੇ ਉਨ੍ਹਾਂ ਦੀ ਆਵਾਜ਼ ਸੁਣਨਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੀਟਿੰਗਾਂ ਰਾਹੀਂ ਵਰਕਰਾਂ ਦੇ ਵਿਚਾਰਾਂ ਅਤੇ ਸੁਝਾਵਾਂ ਨੂੰ ਸਮਝ ਕੇ ਸੰਗਠਨ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

ਕਾਨ.ਫਰੰਸ ਦੀ ਪ੍ਰਧਾਨਗੀ ਕਰਦੇ ਹੋਏ ਹਰਿਆਣਾ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਅੰਬਾਲਾ ਸ਼ਹਿਰ ਦੇ ਵਿਧਾਇਕ ਚੌਧਰੀ ਨਿਰਮਲ ਸਿੰਘ ਨੇ ਕਿਹਾ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਦੀ ਤਾਕਤ ਉਸ ਦੇ ਸੰਗਠਨ ਵਿੱਚ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਇੰਚਾਰਜ ਸੰਜੇ ਦੱਤ ਅਤੇ ਸਹਿ-ਇੰਚਾਰਜ ਜਤਿੰਦਰ ਬਘੇਲ ਨੇ ਹਰਿਆਣਾ ਦਾ ਕਾਰਜਭਾਰ ਸੰਭਾਲਿਆ ਹੈ ਉਸ ਦਿਨ ਤੋਂ ਹੀ ਰਾਜ ਵਿੱਚ ਕਾਂਗਰਸ ਸੰਗਠਨ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਵਿੱਚ ਭਾਜਪਾ ਸਰਕਾਰਾਂ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈਆਂ ਸਨ ਪਰ ਹੁਣ ਜਨਤਾ ਉਨ੍ਹਾਂ ਤੋਂ ਨਿਰਾਸ਼ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਭਾਜਪਾ ਸਰਕਾਰ ਜਨਤਾ ਦਾ ਵਿਸ਼ਵਾਸ ਗੁਆ ਚੁੱਕੀ ਹੈ ਅਤੇ ਰਾਜ ਦੇ ਲੋਕ ਭਵਿੱਖ ਵਿੱਚ ਜਵਾਬ ਦੇਣਗੇ।

ਨਿਰਮਲ ਸਿੰਘ ਨੇ ਪਾਰਟੀ ਵਰਕਰਾਂ ਨੂੰ ਬੂਥ ਪੱਧਰ 'ਤੇ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਆਮ ਲੋਕਾਂ ਦੇ ਮੁੱਦਿਆਂ ਅਤੇ ਆਵਾਜ਼ਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਉਣ ਲਈ ਮਿਹਨਤ ਅਤੇ ਇੱਕਜੁੱਟ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ।

ਸੰਮੇਲਨ ਦੇ ਪ੍ਰਬੰਧਕ ਅਤੇ ਅੰਬਾਲਾ ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਵਿਨੋਦ ਧੀਮਾਨ ਨੇ ਕਿਹਾ ਕਿ ਪਾਰਟੀ ਵਿੱਚ ਕੋਈ ਅਹੁਦਾ ਰੱਖਣਾ ਸਿਰਫ਼ ਇੱਕ ਸਨਮਾਨ ਨਹੀਂ ਸਗੋਂ ਇੱਕ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਹਰ ਅਹੁਦੇਦਾਰ ਅਤੇ ਵਰਕਰ ਨੂੰ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ ਅਤੇ ਹਰ ਪਾਰਟੀ ਵਰਕਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਵਰਕਰਾਂ ਨੂੰ ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਅਤੇ ਸੜਕਾਂ ਤੋਂ ਲੈ ਕੇ ਵਿਧਾਨ ਸਭਾ ਅਤੇ ਸੰਸਦ ਤੱਕ ਜਨਤਕ ਮੁੱਦਿਆਂ ਨੂੰ ਉਠਾਉਣਾ ਚਾਹੀਦਾ ਹੈ।

'ਮੁੱਖ ਮੰਤਰੀ ਤੀਰਥ ਸਥਾਨ ਯਾਤਰਾ' ਨਾਲ ਸੰਗਤਾਂ ਦੀ ਆਸਥਾ ਹੋ ਰਹੀ ਪੂਰੀ: ਵਿਧਾਇਕ ਕੁਲਜੀਤ ਸਿੰਘ ਰੰਧਾਵਾ

ਜਾਸਤਨਾ ਕਲਾਂ, ਜਾਸਤਨਾ ਖੁਰਦ ਤੇ ਵਾਰਡ 8 ਤੋਂ ਬੱਸਾਂ ਰਵਾਨਾ: ਰੰਧਾਵਾ

ਲਾਲੜੂ, 13 ਸਿਤੰਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਯੋਜਨਾ ਤਹਿਤ ਅੱਜ ਲਾਲੜੂ ਤੋਂ ਸੰਗਤਾਂ ਨੂੰ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਤਿੰਨ ਹੋਰ ਬੱਸਾਂ ਰਵਾਨਾ ਕੀਤੀਆਂ ਗਈਆਂ। ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਵੱਲੋਂ ਜਾਸਤਨਾ ਕਲਾਂ ਤੋਂ 136ਵੀਂ, ਜਾਸਤਨਾ ਖੁਰਦ ਤੋਂ 137ਵੀਂ ਅਤੇ ਵਾਰਡ ਨੰਬਰ 8 ਤੋਂ 138ਵੀਂ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ।



ਇਸ ਮੌਕੇ ਸੰਗਤਾਂ ਵਿੱਚ ਤੀਰਥ ਯਾਤਰਾ ਨੂੰ ਲੈ ਕੇ ਭਾਰੀ ਉਤਸ਼ਾਹ ਅਤੇ ਸ਼ਰਧਾ ਦੇਖਣ ਨੂੰ ਮਿਲੀ। ਵਿਧਾਇਕ ਰੰਧਾਵਾ ਨੇ ਸੰਗਤਾਂ ਨੂੰ ਯਾਤਰਾ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਰ ਵਰਗ ਦੀਆਂ ਸੰਗਤਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਇਹ ਵਿਲੱਖਣ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਯਾਤਰਾ ਰਾਹੀਂ ਸੰਗਤਾਂ ਨੂੰ ਬਿਨਾਂ ਕਿਸੇ ਆਰਥਿਕ ਬੋਝ ਦੇ ਵੱਖ-ਵੱਖ ਪਵਿੱਤਰ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਯਾਤਰਾ ਦੌਰਾਨ ਸਰਬੱਤ ਦੇ ਭਲੇ, ਪੰਜਾਬ ਦੀ ਚੜ੍ਹਦੀ ਕਲਾ ਅਤੇ ਸੂਬੇ ਦੀ ਖੁਸ਼ਹਾਲੀ ਲਈ ਅਰਦਾਸ ਕਰਨ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਜੋਰਾਵਰ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰੀਸ਼ ਮਦਾਨ, ਮੀਤ ਪ੍ਰਧਾਨ ਅਮਨ ਰਾਣਾ, ਬਲਾਕ ਪ੍ਰਧਾਨ ਗੁਰਵਿੰਦਰ ਸਿੰਘ, ਪਿੰਡਾਂ ਦੇ ਪੰਚ-ਸਰਪੰਚ ਅਤੇ ਹੋਰ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

ਖ਼ਾਲਸਾ ਕਾਲਜ 'ਚ 'ਬਲੂਟੁਥ ਲੋਅ ਐਨਰਜੀ' ਵਿਸ਼ੇ 'ਤੇ ਲੈਕਚਰ ਕਰਵਾਇਆ



ਪੈ.ਗਾਮ-ਏ-ਜਗਤ/ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ ਆਈ.ਆਈ.ਸੀ. ਅਤੇ ਕਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈੱਲ ਵਲੋਂ 'ਬਲੂਟੁਥ ਲੋਅ ਐਨਰਜੀ : ਸਮਾਰਟ ਸਿਹਤ ਸੰਭਾਲ ਅਤੇ ਇਸ ਦੀਆਂ ਉਪਯੋਗਤਾਵਾਂ ਦੀ ਅਗਲੀ ਪੀੜ੍ਹੀ ਲਈ ਸੰਭਾਵਨਾਵਾਂ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ ਜਿਸ ਵਿਚ ਸ. ਸੁਖਦੀਪ ਸਿੰਘ ਸੀਨੀਅਰ ਕੰਸਲਟੈਂਟ ਡਿਵੈਲਪਮੈਂਟ ਤੈਨਰਾਈ ਨੋਇਡਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪਿ?ਰੰਸੀਪਲ ਡਾ. ਅਮਨਦੀਪ ਹੀਰਾ ਨੇ ਮੁੱਖ ਬੁਲਾਰੇ ਸ. ਸੁਖਦੀਪ ਸਿੰਘ ਦਾ ਰਸਮੀ ਸਵਾਗਤ ਕਰਦੇ ਹੋਏ ਕਿਹਾ ਕਿ ਅੱਜ ਦੇ ਤਕਨੀਕੀ ਯੁੱਗ ਵਿਚ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਇਸ ਤਰ੍ਹਾਂ ਦੇ ਲੈਕਚਰ ਕਰਵਾਉਣ ਸਮੇਂ ਦੀ ਲੋੜ ਹੈ। ਮੁੱਖ ਬੁਲਾਰੇ ਸ. ਸੁਖਦੀਪ ਸਿੰਘ ਨੇ ਬਲੂਟੁਥ ਲੋਅਰ ਐਨਰਜੀ ਦੀ ਕਾਰਜ ਪ੍ਰਣਾਲੀ, ਘੱਟ ਊਰਜਾ ਦੀ ਖਪਤ ਅਤੇ ਸਮਾਰਟ ਤਕਨਾਲੋਜੀ ਵਿਚ ਇਸ ਦੀ ਵੱਧ ਰਹੀ ਮਹੱਤਤਾ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਸ ਤਰ੍ਹਾਂ ਇਹ ਤਕਨੀਕ ਆਧੁਨਿਕ ਸਿਹਤ ਸੇਵਾਵਾਂ ਨੂੰ ਵਧੇਰੇ ਸਮਾਰਟ, ਕੁਸ਼ਲ ਤੇ ਊਰਜਾ ਬਚਤ ਬਣਾਉਣ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ।

ਪ੍ਰੋਗਰਾਮ ਦੌਰਾਨ ਡਾ. ਗੁਰਪ੍ਰੀਤ ਸਿੰਘ ਕੋਆਰਡੀਨੇਟਰ ਪਲੇਸਮੈਂਟ ਸੈੱਲ ਨੇ ਮੁੱਖ ਵਕਤਾ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਪ੍ਰੋ. ਗੁਰਜਿੰਦਰ ਕੌਰ ਵਲੋਂ ਕੀਤਾ ਗਿਆ। ਇਸ ਮੌਕੇ ਡਾ. ਅਜੇ ਦੱਤਾ ਪ੍ਰੈਜੀਡੈਂਟ ਆਈ.ਆਈ.ਸੀ., ਪ੍ਰੋ. ਦੀਪਿਕਾ ਕਨਵੀਨਰ, ਡਾ. ਜਾਨਕੀ ਅਗਰਵਾਲ, ਪ੍ਰੋ. ਕਾਮਿਨੀ, ਪ੍ਰੋ. ਨਰਿੰਦਰਜੀਤ ਕੌਰ ਹਾਜ਼ਰ ਹੋਏ।

ਹਥਿਆਰਾਂ ਦੇ ਬਲ ਤੇ ਸੋਨੇ ਦੀ ਲੁੱਟ ਵਿੱਚ ਸ਼ਾਮਲ ਅੰਤਰਰਾਜੀ ਗਿਰੋਹ ਦੇ ਤਿੰਨ ਹੋਰ ਮੈਂਬਰ ਗ੍ਰਿਫ਼ਤਾਰ

ਪੈ.ਗਾਮ-ਏ-ਜਗਤ ਅੰਬਾਲਾ, 13 ਸਤੰਬਰ (ਆਰ.ਸਿੰਘ)

ਅੰਬਾਲਾ ਦੇ ਐਸ.ਪੀ ਅਜੀਤ ਸਿੰਘ ਸ਼ੇਖਾਵਤ ਦੀ ਯੋਗ ਅਗਵਾਈ ਹੇਠ ਕਾਰਵਾਈ ਕਰਦੇ ਹੋਏ ਸੀਆਈਏ-1 ਟੀਮ ਨੇ ਬੰਦੂਕ ਦੀ ਨੋਕ 'ਤੇ ਵਾਹਨ ਲੁੱਟ ਦੇ ਸਨਸਨੀਖ਼ੇਜ਼ ਮਾਮਲੇ ਨੂੰ ਸੁਲਝਾਉਣ ਵਿੱਚ ਇੱਕ ਵੱਡੀ ਸਫਲਤਾ ਹਾਸਲ

- **ਦੋ ਨੂੰ ਭੇਜਿਆ ਜੇਲ੍ਹ, ਇੱਕ ਇਸ ਸਮੇਂ ਰਿਮਾਂਡ 'ਤੇ**

ਕੀਤੀ ਹੈ। ਇਸ ਮਾਮਲੇ ਵਿਚ ਪੁਲੀਸ ਨੇ ਮਾਸਟਰਮਾਈਂਡ ਸਮੇਤ ਕੁੱਲ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਲਗਭਗ 1.5 ਮਿਲੀਅਨ ਰੁਪਏ ਦੀ ਕੀਮਤ ਦਾ 102 ਗਰਾਮ ਸੋਨਾ ਅਤੇ ਅਪਰਾਧ ਵਿੱਚ ਵਰਤਿਆ ਗਿਆ ਗੈਰ-ਕਾਨੂੰਨੀ ਦੇਸੀ ਪਿਸਤੌਲ ਬਰਾਮਦ ਕੀਤਾ ਹੈ।



19 ਅਗਸਤ, 2026 ਨੂੰ ਲੁਧਿਆਣਾ ਦੇ ਰਹਿਣ ਵਾਲੇ ਸ਼ਿਕਾਇਤਕਰਤਾ ਰਜਨੀਸ਼ ਕੁਮਾਰ ਨੇ ਬਲਦੇਵ ਨਗਰ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ 18 ਅਗਸਤ, 2026 ਨੂੰ, ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਵਿਰਾਟ ਨਗਰ ਨੇੜੇ ਉਸ ਦੀ ਗੱਡੀ ਨੂੰ ਜ਼ਬਰਦਸਤੀ ਰੋਕਿਆ, ਵੱਡੀ ਮਾਤਰਾ ਵਿੱਚ ਸੋਨਾ ਲੁੱਟਿਆ ਅਤੇ ਭੱਜ ਗਏ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਬਲਦੇਵ ਨਗਰ ਥਾਣੇ ਵਿਖੇ ਮਾਮਲਾ ਦਰਜ ਕੀਤਾ ਗਿਆ ਅਤੇ ਜਾਂਚ ਸੀਆਈਏ-1 ਟੀਮ ਨੂੰ ਸੌਂਪ ਦਿੱਤੀ ਗਈ। ਸੀਆਈਏ-1 ਦੇ ਇੰਸਪੈਕਟਰ ਪਰਮਵੀਰ ਸਿੰਘ ਦੀ ਅਗਵਾਈ ਹੇਠ ਸਬ-ਇੰਸਪੈਕਟਰ ਸ਼ਮਸ਼ੇਰ ਸਿੰਘ, ਸਹਾਇਕ ਸਬ-ਇੰਸਪੈਕਟਰ ਹਰਜਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਤਕਨੀਕੀ ਸਰੋਤਾਂ ਅਤੇ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਕੁੱਲ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ।

ਮਾਮਲੇ ਵਿਚ ਗ੍ਰਿਫ਼ਤਾਰ ਤਿੰਨ ਮੁਲਜ਼ਮਾਂ ਨੂੰ ਪਹਿਲਾਂ ਹੀ ਜੇਲ੍ਹ ਭੇਜ ਦਿੱਤਾ ਗਿਆ ਹੈ ਅਤੇ ਹੁਣ ਦੋਸ਼ੀ ਜੈ ਲੋਹੀਆ (ਨਿਵਾਸੀ ਆਇਆ ਨਗਰ, ਬਾਬਾ ਮੁਹੱਲਾ, ਦਿੱਲੀ) ਜਿਸ ਕੋਲੋਂ ਰਿਮਾਂਡ ਦੌਰਾਨ ਉਸ ਦੇ ਟਿਕਾਣੇ ਤੋਂ ਇੱਕ ਦੇਸੀ ਪਿਸਤੌਲ ਬਰਾਮਦ ਕੀਤਾ ਗਿਆ ਅਤੇ ਸਾਹਿਲ (ਨਿਵਾਸੀ ਨਚੋਲੀ, ਜ਼ਿਲ੍ਹਾ ਫਰੀਦਾਬਾਦ) ਦੋਹਾਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ ਜਦੋਂ ਕਿ ਤੀਜੇ ਦੋਸ਼ੀ ਹਨੀ ਵਰਮਾ (ਨਿਵਾਸੀ ਜੰਡਲੀ, ਅੰਬਾਲਾ) ਇਸ ਵੇਲੇ ਪੁਲੀਸ ਰਿਮਾਂਡ 'ਤੇ ਹੈ। ਉਸ ਤੋਂ ਬਾਕੀ ਬਚੇ ਸੋਨੇ ਦੀ ਬਰਾਮਦਗੀ ਅਤੇ ਇਸ ਵਿੱਚ ਸ਼ਾਮਲ ਹੋਰ ਵਿਅਕਤੀਆਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਵਿਆਪਕ ਪੁੱਛਗਿੱਛ ਕੀਤੀ ਜਾ ਰਹੀ ਹੈ।


ਪੁਲੀਸ ਅਨੁਸਾਰ ਜਦੋਂ ਉਸ ਨੇ ਡੂੰਘਾਈ ਨਾਲ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਪੂਰੀ ਡਕੈਤੀ ਦਾ ਮਾਸਟਰਮਾਈਂਡ ਕੋਈ ਹੋਰ ਨਹੀਂ ਬਲਕਿ ਰਿਤੇਸ਼ ਸੀ ਜੋ ਸ਼ਿਕਾਇਤਕਰਤਾ ਦਾ ਆਪਣਾ ਕਰਮਚਾਰੀ ਸੀ। ਇੱਕ ਯੋਜਨਾਬੱਧ ਸਾਜ਼ਿਸ਼ ਦੇ ਹਿੱਸੇ ਵਜੋਂ ਰਿਤੇਸ਼ ਨੇ ਅਪਰਾਧੀਆਂ ਨੂੰ ਗੱਡੀ ਵਿੱਚ ਵੱਡੀ ਮਾਤਰਾ ਵਿੱਚ ਸੋਨੇ ਅਤੇ ਉਨ੍ਹਾਂ ਦੇ ਰਸਤੇ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਸੀ।

ਦਾਖ਼ਲੇ ਦੀ ਆਖ਼ਰੀ ਮਿਤੀ (ਕੱਟਿਆ) 30 ਅਕਤੂਬਰ ਤੱਕ ਵਧਾਉਣ ਲਈ ਸੁਪਰੀਮ ਕੋਰਟ ਤੱਕ ਪਹੁੰਚ

ਪੈ.ਗਾਮ-ਏ-ਜਗਤ/ ਅੰਬਾਲਾ, 13 ਸਤੰਬਰ (ਆਰ.ਸਿੰਘ)

- **ਇਸ ਕਦਮ ਨਾਲ ਦੇਸ਼ ਭਰ ਦੇ 8-10 ਲੱਖ ਵਿਦਿਆਰਥੀਆਂ ਨੂੰ ਹੋ ਸਕਦਾ ਹੈ ਲਾਭ-ਅੰਸ਼ੂ ਕਟਾਰੀਆਂ**

ਫੈਡਰੇਸ਼ਨ ਆਫ ਸੈਲਫ-ਫਾਇਨਾਂਸਿੰਗ ਟੈਕਨੀਕਲ ਇੰਸਟੀਚਿਊਟਸ' ਅਤੇ 'ਪੰਜਾਬ ਅਨਏਡਿਡ ਕਾਲਜਿਜ਼ ਐਸੋਸੀਏਸ਼ਨ' ਦੇ ਪ੍ਰਧਾਨ ਅਤੇ 'ਆਰੀਅਨਜ਼ ਗਰੁੱਪ ਆਫ ਕਾਲਜਿਜ਼' ਦੇ ਚੇਅਰਮੈਨ ਉੱਘੇ ਸਿੱਖਿਆ ਸ਼ਾਸਤਰੀ ਡਾ. ਅੰਸ਼ੂ ਕਟਾਰੀਆ ਨੇ ਦੇਸ਼ ਭਰ ਵਿੱਚ ਦਾਖ਼ਲੇ ਦੀ ਆਖ਼ਰੀ ਮਿਤੀ (ਕੱਟ-ਆਫ) ਨੂੰ 30 ਅਕਤੂਬਰ ਤੱਕ ਵਧਾਉਣ ਦੀ ਮੰਗ ਨੂੰ ਲੈ ਕੇ ਮਾਣਯੋਗ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ।



ਡਾ. ਕਟਾਰੀਆ ਨੇ ਕਿਹਾ ਕਿ ਮਿਆਦ ਵਿੱਚ ਇਹ ਵਾਧਾ ਦੇਸ਼ ਭਰ ਦੇ ਲਗਭਗ 8-10 ਲੱਖ ਵਿਦਿਆਰਥੀਆਂ ਅਤੇ ਲਗਭਗ 20,000 ਪ੍ਰਾਈਵੇਟ ਕਾਲਜਾਂ ਨੂੰ ਵੱਡੀ ਰਾਹਤ ਪ੍ਰਦਾਨ ਕਰ ਸਕਦਾ ਹੈ ਜੋ ਅਜੇ ਵੀ ਪੇਸ਼ੇਵਰ ਅਤੇ ਉੱਚ ਸਿੱਖਿਆ ਕੋਰਸਾਂ ਵਿੱਚ ਦਾਖ਼ਲੇ ਦੇ ਮੌਕਿਆਂ ਦੀ ਉਡੀਕ ਕਰ ਰਹੇ ਹਨ। ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ' ਅਤੇ 'ਫਾਰਮੇਸੀ ਕੌਂਸਲ ਆਫ ਇੰਡੀਆ' ਦੁਆਰਾ ਨਿਰਧਾਰਿਤ ਪੇਸ਼ੇਵਰ ਕੋਰਸਾਂ ਲਈ ਦਾਖ਼ਲੇ ਦੀ ਆਖ਼ਰੀ ਮਿਤੀ 30 ਅਕਤੂਬਰ ਤੱਕ ਵਧਾਉਣ ਦੀ ਮੰਗ ਵਾਲੀ ਇੱਕ ਪਟੀਸ਼ਨ ਪਹਿਲਾਂ ਹੀ ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਜਾ ਚੁੱਕੀ ਹੈ ਜਦੋਂ ਕਿ। ਯੂਨੀਵਰਸਿਟੀ ਗਰਾਂਟਸ ਕਮਿਸ਼ਨ' ਅਤੇ 'ਨੈਸ਼ਨਲ ਕਮਿਸ਼ਨ ਫਾਰ ਅਲਾਈਡ ਐਂਡ ਹੈਲਥ ਕੇਅਰ ਪ੍ਰੋਫੈਸ਼ਨਜ਼'ਦੇ ਅਧੀਨ ਆਉਂਦੇ ਕੋਰਸਾਂ ਲਈ ਇੱਕ ਵੱਖਰੀ ਰਿੱਟ ਪਟੀਸ਼ਨ ਵੀ ਜਲਦੀ ਹੀ ਦਾਇਰ ਕੀਤੀ ਜਾ ਰਹੀ ਹੈ। ਡਾ. ਕਟਾਰੀਆ ਨੇ ਕਿਹਾ ਕਿ ਦੇਰੀ ਨਾਲ ਹੋਈ ਕਾਉਂਸਲਿੰਗ, ਲਟਕਦੀਆਂ ਮਾਨਤਾਵਾਂ, ਮਨਜ਼ੂਰੀਆਂ, ਪ੍ਰਕਿਰਿਆਤਮਕ ਮੁੱਦਿਆਂ ਜਾਂ ਉਨ੍ਹਾਂ ਦੇ ਵੱਸ ਤੋਂ ਬਾਹਰ ਦੇ ਹੋਰ ਹਾਲਤਾਂ ਕਾਰਨ ਵਿਦਿਆਰਥੀਆਂ ਦਾ ਪੂਰਾ ਅਕਾਦਮਿਕ ਸਾਲ ਖ਼ਰਾਬ ਨਹੀਂ ਹੋਣਾ ਚਾਹੀਦਾ। ਜ਼ਿਕਰਯੋਗ ਹੈ ਕਿ ਪਿਛਲੇ 4-5 ਸਾਲਾਂ ਤੋਂ ਕਟਾਰੀਆ ਲਗਾਤਾਰ ਸੁਪਰੀਮ ਕੋਰਟ ਦੇ ਸਾਹਮਣੇ ਦਾਖ਼ਲੇ ਦੀ ਆਖ਼ਰੀ ਮਿਤੀ ਵਧਾਉਣ ਦਾ ਮੁੱਦਾ ਉਠਾਉਂਦੇ ਆ ਰਹੇ ਹਨ ਅਤੇ ਵਿਦਿਆਰਥੀਆਂ ਦੇ ਵੱਡੇ ਹਿਤ ਵਿੱਚ ਪਿਛਲੇ ਅਕਾਦਮਿਕ ਸੈਸ਼ਨਾਂ ਦੌਰਾਨ ਅਨੁਕੂਲ ਰਾਹਤ ਪ੍ਰਾਪਤ ਕਰਨ ਵਿੱਚ ਸਫਲ ਰਹੇ ਹਨ।